ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਵੀਰਵਾਰ, 20 ਨਵੰਬਰ 2025 (ਨਾਨਕਸ਼ਾਹੀ ਸੰਮਤ : ੫੫੭, ੫ ਮੱਘਰ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਸਾਬਕਾ ਮੰਤਰੀ ਧਰਮਸੋਤ 'ਤੇ ਚੱਲੇਗਾ ਮਨੀ ਲਾਂਡਰਿੰਗ ਕੇਸ, 54 ਨੂੰ ਮਨਜ਼ੂਰੀ, ਮਾਮਲੇ 'ਚ ਦੋ ਹੋਰ ਮੁਲਜ਼ਮ ਵੀ ਸ਼ਾਮਲ

**ਚੰਡੀਗੜ੍ਹ, 19 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਮੁਹਾਲੀ ਦੀ ਵਿਸ਼ੇਸ਼ ਅਦਾਲਤ ਨੇ ਇਨਫੋਰਸਮੈਂਟ ਡਾਇਰੈਕਟੋਰੇਟ



(ਈ. ਡੀ.) ਨੂੰ ਪੰਜਾਬ ਕਾਂਗਰਸ ਦੇ ਸੀਨੀਅਰ ਨੇਤਾ ਅਤੇ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ 'ਤੇ ਮਨੀ ਲਾਂਡਰਿੰਗ ਮਾਮਲੇ ਵਿੱਚ ਮੁਕੱਦਮਾ ਚਲਾਉਣ ਦੀ ਇਜਾਜ਼ਤ ਦੇ ਦਿੱਤੀ ਹੈ। ਈਡੀ ਦੇ ਵਕੀਲ ਨੇ ਅਦਾਲਤ ਵਿੱਚ ਇੱਕ ਅਰਜ਼ੀ ਦਾਇਰ ਕੀਤੀ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਇੱਕ ਜਨਤਕ ਸੇਵਕ (ਸਰਕਾਰੀ ਅਹੁਦੇ 'ਤੇ ਕਾਬਜ਼ ਵਿਅਕਤੀ) 'ਤੇ ਮੁਕੱਦਮਾ ਚਲਾਉਣ ਲਈ ਧਾਰਾ 197 ਤਹਿਤ ਇਜਾਜ਼ਤ ਦੀ ਲੋੜ ਹੁੰਦੀ ਹੈ। ਅਦਾਲਤ ਨੇ ਮਾਮਲੇ ਵਿੱਚ ਦਸਤਾਵੇਜ਼ਾਂ ਦੀ ਜਾਂਚ ਕਰਨ ਤੋਂ ਬਾਅਦ ਇਹ ਇਜਾਜ਼ਤ ਦਿੱਤੀ। ਹੁਣ ਇਸ ਮਾਮਲੇ ਦੀ ਸੁਣਵਾਈ 2 ਦਸੰਬਰ ਨੂੰ ਹੋਵੇਗੀ। ਦੋ ਮੁਲਜ਼ਮਾਂ, ਮਹਿੰਦਰ ਪਾਲ ਅਤੇ ਸੁਖਵਿੰਦਰ ਸਿੰਘ ਨੂੰ ਇਸ ਮਾਮਲੇ ਵਿੱਚ ਸ਼ਾਮਲ ਕੀਤਾ ਗਿਆ ਹੈ। ਅਦਾਲਤ ਨੇ ਉਨ੍ਹਾਂ ਨੂੰ ਨੋਟਿਸ ਜਾਰੀ ਕੀਤੇ ਹਨ।

## ਯੂਕਰੇਨ 'ਤੇ ਰੂਸ ਦਾ ਵੱਡਾ ਹਮਲਾ

# 10 ਲੋਕਾਂ ਦੀ ਮੌਤ, 37 ਜ਼ਖਮੀ; 476 ਡਰੋਨਾਂ ਨਾਲ ਕੀਤੇ ਹਮਲੇ

**ਕੀਵ, 19 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਯੂਕਰੇਨ 'ਤੇ ਰੂਸ ਦੇ ਹਮਲਿਆਂ 'ਚ ਭਾਰੀ ਜਾਨੀ ਨੁਕਸਾਨ ਹੋਣ ਦੀ ਖ਼ਬਰ ਹੈ। ਮੰਗਲਵਾਰ ਰਾਤ ਨੂੰ ਹੋਏ ਰੂਸੀ ਡਰੋਨ ਅਤੇ ਮਿਜ਼ਾਈਲ ਹਮਲੇ 'ਚ 10 ਲੋਕਾਂ ਦੀ ਮੌਤ ਹੋ ਗਈ ਹੈ ਤੇ 37 ਲੋਕ ਜ਼ਖਮੀ ਹੋਏ ਹਨ। ਅਧਿਕਾਰੀਆਂ ਨੇ ਬੁੱਧਵਾਰ ਨੂੰ ਇਸ ਘਟਨਾ ਬਾਰੇ ਜਾਣਕਾਰੀ ਦਿੱਤੀ ਹੈ। ਗ੍ਰਹਿ ਮੰਤਰੀ ਇਹੋਰ ਕਲਿਮੇਨਕੋ



ਅਨੁਸਾਰ, ਇਹ ਹਮਲਾ ਮੁੱਖ ਤੌਰ 'ਤੇ ਪੱਛਮੀ ਯੂਕਰੇਨ ਦੇ ਸ਼ਹਿਰ ਟੇਰਨੋਪਿਲ 'ਚ ਹੋਇਆ, ਜਿੱਥੇ ਨੌਂ ਮੰਜ਼ਿਲਾ ਦੋ ਅਪਾਰਟਮੈਂਟ ਬਲਾਕਾਂ ਨੂੰ ਰਾਤ ਸਮੇਂ ਨਿਸ਼ਾਨਾ ਬਣਾਇਆ ਗਿਆ। ਜ਼ਖਮੀ ਹੋਏ 37 ਲੋਕਾਂ 'ਚ 12 ਬੱਚੇ ਵੀ ਸ਼ਾਮਲ ਹਨ। ਯੂਕਰੇਨ ਦੀ ਹਵਾਈ ਸੈਨਾ ਨੇ ਦੱਸਿਆ ਕਿ ਰੂਸ ਨੇ ਰਾਤ ਭਰ 'ਚ 476 ਯੂਕਰੇਨੀ ਠਿਕਾਣਿਆਂ 'ਤੇ ਡਿਕੋਏ ਡਰੋਨਾਂ ਦੀ ਵਰਤੋਂ ਕਰਕੇ ਹਮਲੇ ਕੀਤੇ। ਇਸ ਤੋਂ ਇਲਾਵਾ ਵੱਖ-ਵੱਖ ਕਿਸਮਾਂ ਦੀਆਂ 48 ਮਿਜ਼ਾਈਲਾਂ ਵੀ ਦਾਗੀਆਂ ਗਈਆਂ। ਯੂਕਰੇਨ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਉੱਤਰ-ਪੂਰਬੀ ਖਾਰਕੀਵ 'ਚ ਵੀ ਰੂਸੀ ਡਰੋਨ ਹਮਲੇ ਹੋਏ, ਜਿੱਥੇ ਦੋ ਲੜਕੀਆਂ ਸਮੇਤ 46 ਲੋਕ ਜ਼ਖਮੀ ਹੋਏ। ਖਾਰਕੀਵ ਦੇ ਖੇਤਰੀ ਫੌਜੀ ਪ੍ਰਸ਼ਾਸਨ ਦੇ ਮੁਖੀ ਓਲੇਹ ਸਿਨੀਹੁਬੋਵ ਨੇ ਦੱਸਿਆ ਕਿ ਡਰੋਨ ਹਮਲਿਆਂ ਵਿੱਚ ਘੱਟੋ-ਘੱਟ 16 ਰਿਹਾਇਸ਼ੀ ਇਮਾਰਤਾਂ, ਇੱਕ ਐਂਬੂਲੈਂਸ ਸਟੇਸ਼ਨ, ਸਕੂਲ ਤੇ ਹੋਰ ਨਾਗਰਿਕ ਢਾਂਚਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਭਿਆਨਕ ਹਮਲੇ ਤੋਂ ਬਾਅਦ, ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਕਿਹਾ ਕਿ ਆਮ ਜੀਵਨ ਦੇ ਖਿਲਾਫ ਹਰ ਬੇਸ਼ਰਮ ਹਮਲਾ ਇਹ ਦਰਸਾਉਂਦਾ ਹੈ ਕਿ ਰੂਸ 'ਤੇ (ਜੰਗ ਰੋਕਣ ਲਈ) ਦਬਾਅ ਕਾਫ਼ੀ ਨਹੀਂ ਹੈ। ਜੇਲੈਂਸਕੀ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਕੂਟਨੀਤਕ ਤੌਰ 'ਤੇ ਵੱਖ-ਥਲੱਗ ਕਰਨ ਅਤੇ ਉਨ੍ਹਾਂ 'ਤੇ ਵੱਧ ਅੰਤਰਰਾਸ਼ਟਰੀ ਦਬਾਅ ਬਣਾਉਣ ਦੀ ਕੋਸ਼ਿਸ਼ ਦੇ ਤਹਿਤ ਬੁੱਧਵਾਰ ਨੂੰ ਤੁਰਕੀਏ ਦੇ ਰਾਸ਼ਟਰਪਤੀ ਰਜਬ ਤੈਯਬ ਅਰਦੋਆਨ ਨਾਲ ਮੁਲਾਕਾਤ ਲਈ ਤੁਰਕੀਏ ਲਈ ਰਵਾਨਾ ਹੋ ਗਏ ਹਨ। ਇਸ ਦੌਰਾਨ, ਰੂਸ ਦੇ ਰੱਖਿਆ ਮੰਤਰਾਲੇ ਨੇ ਦੱਸਿਆ ਕਿ ਯੂਕਰੇਨ ਨੇ ਮੰਗਲਵਾਰ ਨੂੰ ਰੂਸੀ ਸ਼ਹਿਰ ਵੋਰੋਨਿਸ਼ 'ਤੇ ਅਮਰੀਕਾ ਦੁਆਰਾ ਨਿਰਮਿਤ ਚਾਰ ਏਟੀਏਸੀਐੱਮਐੱਸ ਮਿਜ਼ਾਈਲਾਂ ਦਾਗੀਆਂ। ਮੰਤਰਾਲੇ ਨੇ ਦਾਅਵਾ ਕੀਤਾ ਕਿ ਸਾਰੀਆਂ ਚਾਰ ਮਿਜ਼ਾਈਲਾਂ ਨੂੰ ਨਸ਼ਟ ਕਰ ਦਿੱਤਾ ਗਿਆ, ਪਰ ਉਨ੍ਹਾਂ ਦੇ ਮਲਬੇ ਨਾਲ ਇੱਕ ਅਨਾਥ ਆਸ਼ਰਮ ਅਤੇ ਇੱਕ ਬਜ਼ੁਰਗ ਕੇਂਦਰ ਨੂੰ ਨੁਕਸਾਨ ਪਹੁੰਚਿਆ। ਰੂਸ ਅਨੁਸਾਰ, ਇਸ ਹਮਲੇ ਵਿੱਚ ਕੋਈ ਵੀ ਜਾਨੀ ਨੁਕਸਾਨ ਨਹੀਂ ਹੋਇਆ।

## ਨਿਤੀਸ਼ ਕੁਮਾਰ ਚੁਣੇ ਗਏ NDA ਵਿਧਾਇਕ ਦਲ ਦੇ ਨੇਤਾ, ਵੀਰਵਾਰ ਨੂੰ 10ਵੀਂ ਵਾਰ ਮੁੱਖ ਮੰਤਰੀ ਵਜੋਂ ਚੁੱਕਣਗੇ ਸਹੁੰ

**ਪਟਨਾ, 19 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਨਿਤੀਸ਼ ਕੁਮਾਰ ਨੇ ਬਿਹਾਰ ਦੇ ਰਾਜਪਾਲ ਆਰਿਫ ਮੁਹੰਮਦ ਖਾਨ ਨਾਲ ਮੁਲਾਕਾਤ ਕੀਤੀ ਅਤੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਨਵੀਂ ਸਰਕਾਰ ਬਣਾਉਣ ਦਾ ਦਾਅਵਾ ਵੀ ਪੇਸ਼ ਕੀਤਾ। ਇਸ ਤੋਂ ਪਹਿਲਾਂ, ਨਿਤੀਸ਼ ਕੁਮਾਰ ਨੂੰ ਬਿਹਾਰ ਵਿੱਚ ਐਨਡੀਏ ਵਿਧਾਇਕ ਦਲ ਦਾ ਨੇਤਾ ਚੁਣਿਆ ਗਿਆ ਸੀ। ਉਹ ਕੱਲ੍ਹ 10ਵੀਂ ਵਾਰ ਮੁੱਖ ਮੰਤਰੀ ਵਜੋਂ ਸਹੁੰ ਚੁੱਕਣਗੇ। ਰਾਸ਼ਟਰੀ ਲੋਕਤੰਤਰੀ ਗਠਜੋੜ (ਐੱਨਡੀਏ) ਵਿਧਾਇਕ ਦਲ ਦੀ ਮੀਟਿੰਗ ਵਿੱਚ, ਜਨਤਾ ਦਲ ਯੂਨਾਈਟਿਡ (ਜੇਡੀਯੂ) ਦੇ ਰਾਸ਼ਟਰੀ ਪ੍ਰਧਾਨ ਨਿਤੀਸ਼ ਕੁਮਾਰ ਨੂੰ ਸਰਬਸੰਮਤੀ ਨਾਲ ਨੇਤਾ ਚੁਣਿਆ ਗਿਆ। ਵਿਧਾਨ ਸਭਾ ਦੇ ਸੈਂਟਰਲ ਹਾਲ ਵਿੱਚ ਹੋਈ ਮੀਟਿੰਗ ਵਿੱਚ, ਭਾਰਤੀ ਜਨਤਾ ਪਾਰਟੀ (ਭਾਜਪਾ) ਵਿਧਾਇਕ ਦਲ ਦੇ ਨੇਤਾ ਸਮਰਾਟ ਚੌਧਰੀ ਨੇ ਨਿਤੀਸ਼ ਕੁਮਾਰ ਦਾ ਨਾਮ ਪ੍ਰਸਤਾਵਿਤ ਕੀਤਾ, ਜਿਸਨੂੰ ਸਾਰੀਆਂ ਗਠਜੋੜ ਪਾਰਟੀਆਂ ਦੇ ਵਿਧਾਇਕਾਂ ਨੇ ਮਨਜ਼ੂਰੀ ਦੇ ਦਿੱਤੀ, ਜਿਨ੍ਹਾਂ 'ਚ ਸੀਨੀਅਰ ਜੇਡੀਯੂ ਨੇਤਾ ਬਿਜੇਂਦਰ ਪ੍ਰਸਾਦ ਯਾਦਵ ਅਤੇ ਐੱਲਜੇਪੀ (ਰਾਮ ਵਿਲਾਸ) ਸੂਬਾ ਪ੍ਰਧਾਨ ਰਾਜੂ ਤਿਵਾੜੀ ਸ਼ਾਮਲ ਹਨ। ਇਸ ਨਾਲ, ਨਿਤੀਸ਼ ਕੁਮਾਰ ਦੇ ਮੁੱਖ ਮੰਤਰੀ ਬਣਨ ਦਾ ਰਸਤਾ ਰਸਮੀ ਤੌਰ 'ਤੇ ਸਾਫ਼ ਹੋ ਗਿਆ। ਭਾਜਪਾ ਤੋਂ ਸਮਰਾਟ ਅਤੇ ਵਿਜੇ ਉਪ ਮੁੱਖ ਮੰਤਰੀ ਹੋਣਗੇ। ਭਾਜਪਾ ਦੇ ਸੂਬਾ ਪ੍ਰਧਾਨ ਦਿਲੀਪ ਜੈਸਵਾਲ ਨੇ ਕਿਹਾ ਕਿ ਸਹੁੰ ਚੁੱਕ ਸਮਾਗਮ ਵੀਰਵਾਰ ਨੂੰ ਹੋਵੇਗਾ, ਜਿੱਥੇ 75 ਸਾਲਾ ਨਿਤੀਸ਼ ਕੁਮਾਰ 10ਵੀਂ ਵਾਰ ਬਿਹਾਰ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕਣਗੇ। ਇਸ ਤੋਂ ਪਹਿਲਾਂ, ਐੱਨਡੀਏ ਦੇ ਮੁੱਖ ਭਾਈਵਾਲਾਂ ਨੇ ਬੁੱਧਵਾਰ ਨੂੰ ਆਪਣੇ ਵਿਧਾਇਕ ਦਲ ਦੇ ਆਗੂਆਂ ਦੀ ਚੋਣ ਕੀਤੀ। ਜਨਤਾ ਦਲ ਯੂਨਾਈਟਿਡ (ਜੇਡੀਯੂ) ਦੇ ਵਿਧਾਇਕਾਂ ਦੀ ਇੱਕ ਮੀਟਿੰਗ ਵਿੱਚ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਵਿਧਾਇਕ ਦਲ ਦਾ ਆਗੂ ਚੁਣਿਆ ਗਿਆ। ਇਸ ਦੌਰਾਨ, ਨਵੇਂ ਚੁਣੇ ਗਏ ਭਾਜਪਾ ਵਿਧਾਇਕਾਂ ਨੇ ਸੀਨੀਅਰ ਆਗੂ ਸਮਰਾਟ ਚੌਧਰੀ ਨੂੰ ਵਿਧਾਇਕ ਦਲ ਦਾ ਆਗੂ ਚੁਣਿਆ।



## ਸ਼ੰਭੂ ਤੇ ਖਨੌਰੀ ਬਾਰਡਰ ਤੋਂ ਚੋਰੀ ਹੋਈਆਂ ਟਰਾਲੀਆਂ ਦਾ ਸਮਾਨ ਨਾਭਾ ਤੋਂ ਬਰਾਮਦ

**ਨਾਭਾ, 19 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਸ਼ੰਭੂ ਤੇ ਖਨੌਰੀ ਬਾਰਡਰ ਤੋਂ ਕਿਸਾਨੀ ਸੰਘਰਸ਼ ਤੋਂ ਬਾਅਦ ਕਿਸਾਨਾਂ ਦੀਆਂ ਟਰਾਲੀਆਂ ਚੋਰੀ ਹੋ ਗਈਆਂ ਸਨ, ਜੋ ਪੰਜਾਬ ਦੇ ਵੱਖ-ਵੱਖ ਹਿੱਸਿਆਂ 'ਚੋਂ ਬਰਾਮਦ ਹੋ



ਰਹੀਆਂ ਹਨ। ਪਹਿਲਾਂ ਘਨੌਰ ਹਲਕੇ ਤੋਂ ਤੇ ਫਿਰ ਨਾਭਾ ਹਲਕੇ ਤੋਂ ਚੋਰੀ ਹੋਈ ਟਰਾਲੀਆਂ ਦਾ ਸਮਾਨ ਬਰਾਮਦ ਹੋਣ ਤੋਂ ਬਾਅਦ ਨਾਭਾ ਕਤਵਾਲੀ ਪੁਲਿਸ ਨੇ ਆਮ ਆਦਮੀ ਪਾਰਟੀ ਦੇ ਆਗੂ ਪੰਕਜ ਪੱਪੂ ਦੇ ਉੱਪਰ ਇੱਕ ਮਾਮਲਾ ਦਰਜ ਕੀਤਾ ਸੀ, ਜਿਸ ਨੂੰ ਬਾਅਦ ਵਿੱਚ ਕਿਸਾਨੀ ਸੰਘਰਸ਼ ਤੋਂ ਬਾਅਦ ਸੀਆਈ ਸਟਾਫ ਪਟਿਆਲਾ ਟ੍ਰਾਂਸਫਰ ਕਰ ਦਿੱਤਾ। ਇਸ ਮਾਮਲੇ ਵਿੱਚ ਪੰਕਜ ਪੱਪੂ ਦੀ ਜਮਾਨਤ ਹੋ ਚੁੱਕੀ ਹੈ। ਹੁਣ ਦੁਬਾਰਾ ਕਿਸਾਨਾਂ ਨੇ ਚੋਰੀ ਹੋਈ ਟਰਾਲੀਆਂ ਦਾ ਸਮਾਨ ਬਰਾਮਦ ਕਰਨ ਲਈ ਦਾਅਵਾ ਕੀਤਾ ਸੀ ਕਿ ਨਗਰ ਕੌਂਸਲ ਨਾਭਾ ਦੇ ਦਫਤਰ ਦੇ ਸਾਹਮਣੇ ਈਓ ਗੁਰਚਰਨ ਸਿੰਘ ਗਿੱਲ ਦੀ ਸਰਕਾਰੀ ਰਿਹਾਇਸ਼ ਦੀ ਜ਼ਮੀਨ ਅਤੇ ਕੋਠੀ ਵਿੱਚ ਸਮਾਨ ਹੈ, ਜਿਸ ਨੂੰ ਸੀਆਈਏ ਸਟਾਫ ਪਟਿਆਲਾ ਪ੍ਰਸ਼ਾਸਨ ਦੀ ਮੌਜੂਦਗੀ ਦੇ ਵਿੱਚ ਬਰਾਮਦ ਕਰਿਆ ਗਿਆ। ਇਸ ਮੰਗ ਨੂੰ ਲੈ ਕੇ ਕਿਸਾਨਾਂ ਵੱਲੋਂ ਨਗਰ ਕੌਂਸਲ ਨਾਭਾ ਦੇ ਦਫਤਰ ਦੇ ਸਾਹਮਣੇ ਪੱਕਾ ਮੋਰਚਾ ਲਗਾਇਆ ਸੀ ਤੇ ਕਿਸਾਨਾਂ ਦੇ ਰੋਸ ਨੂੰ ਵੇਖਦੇ ਹੋਏ ਮਜਬੂਰ ਹੋ ਕੇ ਅੱਜ ਸੀਆਈਏ ਸਟਾਫ ਪਟਿਆਲਾ ਨੇ ਨਾਇਬ ਤਹਿਸੀਲਦਾਰ ਦੀ ਮੌਜੂਦਗੀ ਦੇ ਵਿੱਚ ਟਰਾਲੀਆਂ ਦਾ ਸਮਾਨ ਬਰਾਮਦ ਕੀਤਾ। ਕਿਸਾਨਾਂ ਦੀ ਮੰਗ 'ਤੇ ਪ੍ਰਸ਼ਾਸਨ ਨੇ ਨਗਰ ਕੌਂਸਲ ਦੀ ਜੇਸੀਬੀ ਮਸ਼ੀਨ ਨਾਲ ਹੀ ਜਿਵੇਂ ਹੀ ਮਿੱਟੀ ਨੂੰ ਪੁੱਟਣਾ ਸ਼ੁਰੂ ਕੀਤਾ ਤਾਂ ਟਰਾਲੀ ਦੇ ਉੱਪਰ ਪਾਉਣ ਵਾਲੀ ਛੱਤ ਦੇ ਲੋਹੇ ਦਾ ਸਮਾਨ ਜ਼ਮੀਨ ਥੱਲੋਂ ਨਿਕਲਣਾ ਸ਼ੁਰੂ ਹੋ ਗਿਆ। ਸੀਆਈ ਸਟਾਫ ਨੇ ਕਿਸਾਨਾਂ ਦੀ ਸ਼ਿਕਾਇਤ 'ਤੇ ਟਰਾਲੀ ਦਾ ਸਮਾਨ ਸਰਕਾਰੀ ਰਿਹਾਇਸ਼ ਤੋਂ ਬਰਾਮਦ ਕਰ ਲਿਆ ਹੈ। ਹੁਣ ਅਗਲੀ ਤਫਤੀਸ਼ ਜਾਰੀ ਹੈ। ਜ਼ਿਕਰਯੋਗ ਹੈ ਕਿ ਭਾਵੇਂ ਕਿ ਇਹ ਸਰਕਾਰੀ ਕੋਠੀ ਕਾਰਜ ਸਾਧਕ ਅਫਸਰ ਨਾਭਾ ਗੁਰਚਰਨ ਸਿੰਘ ਗਿੱਲ ਦੀ ਹੈ ਪਰ ਉਹ ਆਪਣੇ ਨੇੜਲੇ ਪਿੰਡ ਬਿਰੜਵਾਲ ਰੋਜ਼ਾਨਾ ਜਾਂਦੇ ਸਨ ਤੇ ਇਸ ਥਾਂ ਤੋਂ ਹੀ ਆਮ ਆਦਮੀ ਪਾਰਟੀ ਦਾ ਆਗੂ ਪੰਕਜ ਪੱਪੂ ਸਫਾਈ ਕਰਮਚਾਰੀਆਂ ਨੂੰ ਆਪਰੇਟ ਕਰਦਾ ਸੀ। ਇਸ ਗੱਲ ਦੀ ਪੁਸ਼ਟੀ ਕਾਰਜ ਸਾਧਕ ਅਫਸਰ ਨੇ ਵੀ ਕੀਤੀ ਹੈ। ਹੁਣ ਉਮੀਦ ਕੀਤੀ ਜਾ ਸਕਦੀ ਹੈ ਕਿ ਨਗਰ ਕੌਂਸਲ ਦੀ ਸਰਕਾਰੀ ਥਾਂ ਤੋਂ ਟਰਾਲੀ ਦਾ ਸਮਾਨ ਬਰਾਮਦ ਹੋਣ ਤੋਂ ਬਾਅਦ ਸੀਆਈ ਸਟਾਫ ਪਟਿਆਲਾ ਇੱਕ ਹੋਰ ਮਾਮਲਾ ਦਰਜ ਕਰੇਗੀ ਅਤੇ ਮਾਮਲੇ ਨੂੰ ਗੰਭੀਰਤਾ ਨਾਲ ਦੇਖੇਗੀ ਕਿਉਂਕਿ ਕਿਸਾਨਾਂ ਦੇ ਦੋਸ਼ਾਂ 'ਤੇ ਹੁਣ ਸਬੂਤ ਮਿਲ ਗਏ ਹਨ। ਇਸ ਮਾਮਲੇ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਭਾਰਤੀ ਕਿਸਾਨ ਯੂਨੀਅਨ ਆਜ਼ਾਦ ਦੇ ਨਾਭਾ ਪ੍ਰਧਾਨ ਗਮਦੂਰ ਸਿੰਘ ਅਤੇ ਹੋਰ ਕਿਸਾਨਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਸ਼ਿਹ 'ਤੇ ਸ਼ੰਭੂ ਤੇ ਖਨੌਰੀ ਬਾਰਡਰ ਤੋਂ ਕਿਸਾਨਾਂ ਦੀਆਂ ਚੋਰੀ ਹੋਈਆਂ ਟਰਾਲੀਆਂ ਹੁਣ ਸਰਕਾਰੀ ਥਾਂ ਤੋਂ ਬਰਾਮਦ ਹੋ ਰਹੀਆਂ ਹਨ। ਉਹਨਾਂ ਦੱਸਿਆ ਕਿ ਉਹਨਾਂ ਨੂੰ ਪੁਖਤਾ ਜਾਣਕਾਰੀ ਸੀ ਕਿ ਨਗਰ ਕੌਂਸਲ ਦੀ ਇਸ ਥਾਂ 'ਤੇ ਉਹਨਾਂ ਦੀਆਂ ਟਰਾਲੀਆਂ ਦਾ ਸਮਾਨ ਖੁਰਦ ਬੁਰਦ ਕਰਨ ਦੇ ਇਰਾਦੇ ਨਾਲ ਦੱਬਿਆ ਗਿਆ ਹੈ ,ਜਿਸ ਨੂੰ ਲੱਭਣ ਵਾਸਤੇ ਉਹ ਕੱਲ ਤੋਂ ਪੱਕਾ ਮੋਰਚਾ ਲਗਾ ਕੇ ਨਗਰ ਕੌਂਸਲ ਦੇ ਬਾਹਰ ਬੈਠੇ ਸਨ ਤੇ ਅੱਜ ਪ੍ਰਸ਼ਾਸਨ ਨੇ ਮਜ਼ਬੂਰ ਹੋ ਕੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਪਟਿਆਲਾ ਦੀ ਸੀਆਈ ਸਟਾਫ ਪੁਲਿਸ ਨੇ ਉਹਨਾਂ ਦੀਆਂ ਟਰਾਲੀਆਂ ਦਾ ਸਮਾਨ ਬਰਾਮਦ ਕਰ ਲਿਆ।

## ਭਾਰਤ ਲਿਆਂਦਾ ਗਿਆ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਭਰਾ ਅਨਮੋਲ, NIA ਦੀ ਹਿਰਾਸਤ 'ਚ ਪਹਿਲੀ ਤਸਵੀਰ ਆਈ ਸਾਹਮਣੇ

**ਨਵੀਂ ਦਿੱਲੀ, 19 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਭਾਰਤ ਦੇ ਸਭ ਤੋਂ ਲੋੜੀਂਦੇ ਅਪਰਾਧੀ ਅਨਮੋਲ ਬਿਸ਼ਨੋਈ, ਜੋ ਕਿ ਅਮਰੀਕਾ ਵਿੱਚ ਲੁਕਿਆ ਹੋਇਆ ਸੀ, ਨੂੰ ਭਾਰਤ ਹਵਾਲੇ ਕਰ ਦਿੱਤਾ ਗਿਆ ਹੈ। NIA




ਅਧਿਕਾਰੀ ਬਦਨਾਮ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਛੋਟੇ ਭਰਾ ਨੂੰ 979 ਹਵਾਈ ਅੱਡੇ ਤੋਂ ਸਿੱਧੇ ਪਟਿਆਲਾ ਹਾਊਸ ਕੋਰਟ ਲੈ ਜਾ ਰਹੇ ਹਨ। ਬਿਸ਼ਨੋਈ ਵਿਰੁੱਧ ਛੋਟੇ ਅਤੇ ਵੱਡੇ ਦੋਵੇਂ ਤਰ੍ਹਾਂ ਦੇ 18 ਮਾਮਲੇ ਹਨ, ਅਤੇ NIA ਨੇ ਉਸਦੀ ਗ੍ਰਿਫ਼ਤਾਰੀ ਲਈ 1 ਕਰੋੜ (10 ਮਿਲੀਅਨ ਰੁਪਏ) ਦਾ ਇਨਾਮ ਐਲਾਨਿਆ ਸੀ। ਪੰਜਾਬ ਦੇ ਦੋ ਹੋਰ ਲੋੜੀਂਦੇ ਮੁਲਜ਼ਮਾਂ ਨੂੰ ਵੀ ਉਸ ਉਡਾਣ ਵਿੱਚ ਭਾਰਤ ਭੇਜ ਦਿੱਤਾ ਗਿਆ ਸੀ, ਜਿਸ ਵਿੱਚ ਅਨਮੋਲ ਨੂੰ ਅਮਰੀਕਾ ਤੋਂ ਲਿਆਂਦਾ ਗਿਆ ਸੀ। ਇਸ ਤੋਂ ਇਲਾਵਾ, 197 ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵੀ ਵਾਪਸ ਭੇਜ ਦਿੱਤਾ ਗਿਆ ਸੀ। 200 ਲੋਕਾਂ ਦੀ ਇਸ ਸੂਚੀ ਵਿੱਚ ਸਭ ਤੋਂ ਪ੍ਰਮੁੱਖ ਨਾਮ ਅਨਮੋਲ ਬਿਸ਼ਨੋਈ ਹੈ, ਜਿਸਦੀ ਗ੍ਰਿਫਤਾਰੀ ਅਤੇ ਦੇਸ਼ ਨਿਕਾਲੇ 'ਤੇ ਭਾਰਤੀ ਏਜੰਸੀਆਂ ਲੰਬੇ ਸਮੇਂ ਤੋਂ ਕੰਮ ਕਰ ਰਹੀਆਂ ਸਨ। ਕੌਮੀ ਜਾਂਚ ਏਜੰਸੀ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ 2022 ਤੋਂ ਫਰਾਰ ਅਮਰੀਕਾ ਸਥਿਤ ਅਨਮੋਲ ਬਿਸ਼ਨੋਈ ਆਪਣੇ ਜੇਲ੍ਹ ਵਿੱਚ ਬੰਦ ਭਰਾ ਲਾਰੈਂਸ ਬਿਸ਼ਨੋਈ ਦੀ ਅਗਵਾਈ ਵਾਲੇ ਅੱਤਵਾਦੀ-ਸਿੰਡੀਕੇਟ ਵਿੱਚ ਸ਼ਾਮਲ ਹੋਣ ਲਈ ਗ੍ਰਿਫਤਾਰ ਕੀਤਾ ਗਿਆ 19ਵਾਂ ਦੋਸ਼ੀ ਹੈ। ਮਾਮਲੇ ਦੀ ਜਾਂਚ ਤੋਂ ਬਾਅਦ ਮਾਰਚ 2023 ਵਿੱਚ ਐਨਆਈਏ ਦੁਆਰਾ ਅਨਮੋਲ ਨੂੰ ਚਾਰਜਸ਼ੀਟ ਕੀਤਾ ਗਿਆ ਸੀ। ਇਹ ਸਥਾਪਿਤ ਕੀਤਾ ਗਿਆ ਸੀ ਕਿ ਉਸਨੇ 2020-2023 ਦੀ ਮਿਆਦ ਦੌਰਾਨ ਦੇਸ਼ ਵਿੱਚ ਵੱਖ-ਵੱਖ ਅੱਤਵਾਦੀ ਕਾਰਵਾਈਆਂ ਵਿੱਚ ਨਾਮਜ਼ਦ ਵਿਅਕਤੀਗਤ ਅੱਤਵਾਦੀ ਗੋਲਡੀ ਬਰਾੜ ਅਤੇ ਲਾਰੈਂਸ ਬਿਸ਼ਨੋਈ ਦੀ ਸਰਗਰਮੀ ਨਾਲ ਸਹਾਇਤਾ ਕੀਤੀ ਸੀ। ਬਿਸ਼ਨੋਈ ਗੈਂਗ ਦੇ ਵੱਖ-ਵੱਖ ਸਾਥੀਆਂ ਨਾਲ ਮਿਲ ਕੇ ਕੰਮ ਕਰਦੇ ਹੋਏ, ਅਨਮੋਲ ਨੇ ਜ਼ਮੀਨ 'ਤੇ ਆਪਣੇ ਸੰਚਾਲਕਾਂ ਦੀ ਵਰਤੋਂ ਕਰਦੇ ਹੋਏ, ਲਾਰੈਂਸ ਬਿਸ਼ਨੋਈ ਗੈਂਗ ਲਈ ਅਮਰੀਕਾ ਤੋਂ ਅੱਤਵਾਦੀ ਸਿੰਡੀਕੇਟ ਚਲਾਉਣਾ ਅਤੇ ਅੱਤਵਾਦੀ ਕਾਰਵਾਈਆਂ ਨੂੰ ਅੰਜਾਮ ਦੇਣਾ ਜਾਰੀ ਰੱਖਿਆ। ਜਾਂਚ ਤੋਂ ਪਤਾ ਲੱਗਾ ਹੈ ਕਿ ਅਨਮੋਲ ਬਿਸ਼ਨੋਈ ਨੇ ਗੈਂਗ ਦੇ ਨਿਸ਼ਾਨੇਬਾਜ਼ਾਂ ਅਤੇ ਜ਼ਮੀਨੀ ਸੰਚਾਲਕਾਂ ਨੂੰ ਪਨਾਹ ਅਤੇ ਲੌਜਿਸਟਿਕ ਸਹਾਇਤਾ ਪ੍ਰਦਾਨ ਕੀਤੀ ਸੀ। ਉਹ ਹੋਰ ਗੈਂਗਸਟਰਾਂ ਦੀ ਮਦਦ ਨਾਲ ਵਿਦੇਸ਼ੀ ਧਰਤੀ ਤੋਂ ਭਾਰਤ ਵਿੱਚ ਜਬਰਦਸਤੀ ਵਸੂਲੀ ਵਿੱਚ ਵੀ ਸ਼ਾਮਲ ਸੀ। NIA ਅੱਤਵਾਦੀਆਂ, ਗੈਂਗਸਟਰਾਂ ਅਤੇ ਹਥਿਆਰਾਂ ਦੇ ਤਸਕਰਾਂ, ਉਨ੍ਹਾਂ ਦੇ ਬੁਨਿਆਦੀ ਢਾਂਚੇ ਅਤੇ ਫੰਡਿੰਗ ਚੈਨਲਾਂ ਸਮੇਤ, ਵਿਚਕਾਰ ਗਠਜੋੜ ਨੂੰ ਤਬਾਹ ਕਰਨ ਦੇ ਆਪਣੇ ਯਤਨਾਂ ਦੇ ਹਿੱਸੇ ਵਜੋਂ, RC 39/2022/NIA/DLI (ਲਾਰੈਂਸ ਬਿਸ਼ਨੋਈ ਦੀ ਅਗਵਾਈ ਹੇਠ ਅੱਤਵਾਦੀ-ਗੈਂਗਸਟਰ ਸਾਜ਼ਿਸ਼ ਕੇਸ) ਦੀ ਜਾਂਚ ਜਾਰੀ ਰੱਖ ਰਹੀ ਹੈ। ਅਨਮੋਲ ਬਿਸ਼ਨੋਈ ਨੂੰ ਐੱਨ.ਆਈ.ਏ. ਨੇ ਦਿੱਲੀ ਦੀ ਪਟਿਆਲਾ ਹਾਊਸ ਕੋਰਟ 'ਚ ਪੇਸ਼ ਕੀਤਾ ਹੈ। ਜਾਂਚ ਏਜੰਸੀ ਨੇ ਪੁੱਛਗਿੱਛ ਲਈ ਅਨਮੋਲ ਬਿਸ਼ਨੋਈ ਦੀ 15 ਦਿਨਾਂ ਦੀ ਹਿਰਾਸਤ ਮੰਗੀ ਹੈ।

## ਅੰਮ੍ਰਿਤਸਰ 'ਚ ਅੱਗ ਦਾ ਤਾਂਡਵ, ਰੇਸ ਕੋਰਸ ਰੋਡ 'ਤੇ ਕੋਠੀ 'ਚ ਜਿਊਂਦਾ ਸੜਿਆ ਮਾਲਕ



**ਅੰਮ੍ਰਿਤਸਰ, 19 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਅੱਜ ਸਵੇਰੇ ਅੰਮ੍ਰਿਤਸਰ ਦੇ ਰੇਸ ਕੋਰਸ ਰੋਡ 'ਤੇ ਇੱਕ ਦੁਖਦਾਈ ਘਟਨਾ ਵਾਪਰੀ, ਜਦੋਂ ਕੋਠੀ ਨੰਬਰ 116 ਵਿੱਚ ਇੱਕ ਭਿਆਨਕ ਅੱਗ ਲੱਗ ਗਈ, ਜਿਸ ਵਿੱਚ ਘਰ ਦੇ ਮਾਲਕ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਕਿਰਨ ਆਹੂਜਾ (52) ਵਜੋਂ ਹੋਈ ਹੈ, ਜਿਸਦੀ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਨ ਤੋਂ ਬਾਅਦ ਦਮ ਘੁੱਟਣ ਨਾਲ ਮੌਤ ਹੋ ਗਈ। ਸ਼ੁਰੂਆਤੀ ਜਾਣਕਾਰੀ ਅਨੁਸਾਰ, ਅੱਗ ਸਵੇਰੇ 9 ਵਜੇ ਦੇ ਕਰੀਬ ਲੱਗੀ, ਕਥਿਤ ਤੌਰ 'ਤੇ ਬਿਜਲੀ ਦੇ ਸ਼ਾਰਟ ਸਰਕਟ ਕਾਰਨ। ਕੋਠੀ ਮਾਲਕ ਕਿਰਨ ਆਹੂਜਾ, ਕਾਸਮੈਟਿਕਸ ਸਾਮਾਨ ਦੀ ਹੋਲਸੇਲ ਦਾ ਕਾਰੋਬਾਰ ਕਰਦਾ ਸੀ, ਨੇ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ ਪਰ ਘਰ 'ਚ ਧੂੰਏਂ ਕਾਰਨ ਉਸ ਦੀ ਅੱਗ 'ਚ ਮੌਤ ਹੋ ਗਈ। ਫਾਇਰ ਬ੍ਰਿਗੇਡ ਦੀਆਂ ਟੀਮਾਂ ਤੁਰੰਤ ਮੌਕੇ 'ਤੇ ਪਹੁੰਚੀਆਂ ਅਤੇ ਲਗਭਗ ਡੇਢ ਘੰਟੇ ਦੀ ਮਿਹਨਤ ਤੋਂ ਬਾਅਦ ਅੱਗ 'ਤੇ ਕਾਬੂ ਪਾਉਣ ਵਿੱਚ ਕਾਮਯਾਬ ਰਹੀਆਂ। ਪੁਲਿਸ ਕਰਮਚਾਰੀ ਵੀ ਮੌਕੇ 'ਤੇ ਪਹੁੰਚ ਗਏ ਅਤੇ ਫਿਲਹਾਲ ਅੱਗ ਲੱਗਣ ਦੇ ਸਹੀ ਕਾਰਨਾਂ ਦੀ ਜਾਂਚ ਕਰ ਰਹੇ ਹਨ। ਘਰ ਵਿੱਚ ਮੌਜੂਦ ਹੋਰ ਪਰਿਵਾਰਕ ਮੈਂਬਰਾਂ ਨੂੰ ਸੁਰੱਖਿਅਤ ਬਚਾ ਲਿਆ ਗਿਆ। ਪੁਲਿਸ ਨੇ ਕਿਹਾ ਕਿ ਪਰਿਵਾਰ ਅਜੇ ਵੀ ਸਦਮੇ ਦੀ ਸਥਿਤੀ ਵਿੱਚ ਹੈ ਅਤੇ ਬੋਲਣ ਦੀ ਸਥਿਤੀ ਵਿੱਚ ਨਹੀਂ ਹੈ।

ਆਵਾਜ਼ਿ ਕੌਮ
AWAZE QAUM
International Newspaper & WEB TV



# In Loving Memory of

## Nachhatar Kaur

Friday 21st November 2025

**9.15am to 9.45am – Antim Darshan**
Guru Nanak Gurdwara
128 High Street, Smethwick B66 3AP

**10.30am – Cremation Service**
Birmingham Crematorium
389 Walsall Road, Perry Barr B42 2LR

ਆਵਾਜ਼ਿ ਕੌਮ AWAZE QAUM International Newspaper & WEB TV

**12.00pm – Sehaj Paath Da Bhog, Kirtan & Guru Ka Langar**
Guru Nanak Gurdwara
128 High Street, Smethwick B66 3AP

Thank you all for your kindness & support

Smethwick Asian Funerals – 66 High St, Smethwick, Birmingham B66 1DS – 0121 558 6117



ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰੁ ਸੀ ਨ ਉਚਰੀ॥

350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ







ਗੁਰਮਤਿ ਸਮਾਗਮ

GURU NANAK GURDWARA WILLENHALL 65-67 WALSAL ROAD (WV13 2RD)

30 ਨਵੰਬਰ 2025 ਦਿਨ ਐਤਵਾਰ ਨੂੰ 3 ਵਜੇ ਸ੍ਰੀ ਸਹਿਜ ਪਾਠ ਦੇ ਭੋਗ ਪੈਣ ਉਪਰੰਤ ਦੀਵਾਨ ਸਜਾਏ ਜਾਣਗੇ



ਭਾਈ ਅੰਮ੍ਰਿਤਪਾਲ ਸਿੰਘ ਢੱਪਈ
(3:30 ਵਜੇ)



ਭਾਈ ਕਮਲਜੀਤ ਸਿੰਘ ਜੀ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ
(4:30 ਵਜੇ)

ਰਹਿਰਾਸ ਸਾਹਿਬ ਜੀ ਦੇ ਜਾਪ 5:30 ਵਜੇ ਤੋ 6:00 ਵਜੇ ਤੱਕ ਹੋਣਗੇ

ਗੁਰੂ ਕਾ ਲੰਗਰ ਅਤੁੱਟ ਵਰਤੇਗਾ




ਪੰਥ ਪ੍ਰਸਿੱਧ ਕਵੀਸ਼ਰੀ ਜਥਾ
ਜਾਗੋਵਾਲਾ ਜਥਾ
(6 ਵਜੇ)



ਭਾਈ ਜਗਤਾਰ ਸਿੰਘ ਜੀ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ
(7 ਵਜੇ)

ਸੇਵਾ : ਸਮੂਹ ਨੌਜਵਾਨ ਸੇਵਾਦਾਰਾਂ, ਇੰਟਰਨੈਸ਼ਨਲ ਸਟੂਡੈਂਟਸ ਵੱਲੋਂ, ਗੁਰਦੁਆਰਾ ਪ੍ਰਬੰਧਕਾਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ

ਸੰਪਰਕ :- ਭਾਈ ਸਤਨਾਮ ਸਿੰਘ ਜੀ ਸੰਘਾ 07532825588 ਭਾਈ ਸੁਖਬੀਰ ਸਿੰਘ ਜੀ 07442671204


ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar



www.damdamitaksal.net

Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net


ਦਮਦਮੀ ਟਕਸਾਲ
ਨਾਮ ਜਪੋ
ਕਿਰਤ ਕਰੋ
ਵੰਡ ਛਕੋ
Naam Japo
Kirat Karo
Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
Raghbir Singh Walsal
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

# ਸਾਂਝਾ ਪੰਜਾਬ

## VEG & NON-VEG INDIAN

WE CATER FOR

★★★★★









SANJHA PUNJAB

VEG & NON-VEG INDIAN

TAKE AWAY MENU

0116 291 1565

075 9999 5787

47 BELGRAVE ROAD

LEICESTER LE4 6AR

visit us : www.sanjhapunjab.co.uk

email: sanjha47@hotmail.com

## SANJHA PUNJAB

VEG & NON-VEG INDIAN

0116 291 1565

visit us : www.sanjhapunjab.co.uk

email: sanjha47@hotmail.com

ALLERGY ADVICE !!

Please ask a member of staff if you have any food intolerance or allergies.

0784 102 9416


ਆਵਾਜ਼ਿ ਕੌਮ AWAZE QAUM
International Newspaper & WEB TV

### ਟੀ.ਆਰ.ਪੀ.ਜੇ. ਚੈਰੀਟੇਬਲ ਹੋਸਪੀਟਲ ਵੱਲੋਂ

# ਬਾਬਾ ਪਿਆਰਾ ਸਿੰਘ ਦੀ ਯਾਦ ਨੂੰ ਸਮਰਪਿਤ ਖੂਨਦਾਨ ਕੈਂਪ ਲਗਾਇਆ ਗਿਆ








**ਚੌਕ ਮਹਿਤਾ, 18 ਨਵੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਤੇਜ਼ ਰਸੀਲਾ ਪਿਆਰਾ ਇੰਨਕਲੇਵ ਅੱਡਾ ਨਾਥ ਦੀ ਖੂਹੀ ਵਿਖੇ ਡੇਰਾ ਮੁਖੀ ਬਾਬਾ ਜਗਤਾਰ ਸਿੰਘ ਜੀ (ਸੈਦਪੁਰ) ਵਾਲਿਆ ਵੱਲੋਂ ਸ਼ੁਰੂ ਕੀਤੇ ਗਏ ਟੀ.ਆਰ.ਪੀ.ਜੇ ਚੈਰੀਟੇਬਲ ਹੋਸਪੀਟਲ ਵਿਖੇ ਬਾਬਾ ਪਿਆਰਾ ਸਿੰਘ ਜੀ ਬਟਾਲੇ ਵਾਲਿਆਂ ਦੀ ਮਿੱਠੀ ਯਾਦ ਨੂੰ ਸਮਰਪਿਤ ਖੂਨਦਾਨ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਵੱਡੀ ਗਿਣਤੀ ਵਿੱਚ ਲੋਕਾਂ ਵੱਲੋਂ ਖੂਨਦਾਨ ਕੀਤਾ ਗਿਆ, ਇਸ ਮੌਕੇ ਗੱਲਬਾਤ ਕਰਦਿਆਂ ਰਾਧਾ ਸੁਆਮੀ ਡੇਰਾ ਨਾਥ ਦੀ ਖੂਹੀ ਦੇ ਮੁਖ ਸੇਵਾਦਾਰ ਬਾਬਾ ਜਗਤਾਰ ਸਿੰਘ ਜੀ ਨੇ ਦੱਸਿਆ ਕਿ ਮਨੁੱਖੀ ਕੀਮਤੀ ਜਾਨਾਂ ਬਚਾਉਣ ਲਈ ਖੂਨਦਾਨ ਮਹਾਂਦਾਨ ਹੈ ਜੋ ਕਿਸੇ ਐਕਸੀਡੈਂਟ ਪੀੜਤ, ਥੈਲੇਸਿਮੀਆਂ ਤੋਂ ਪ੍ਰਭਾਵਿਤ ਮਰੀਜ਼ ਜਾਂ ਭਿਆਨਕ ਬਿਮਾਰੀਆ ਤੋਂ ਪੀੜਤ ਲੋਕਾਂ ਦੇ ਬਚਾ ਲਈ ਖੂਨ ਦੀ ਵੱਡੀ ਲੋੜ ਪੈਂਦੀ ਹੈ ।ਅਜਿਹੇ ਕੈਂਪਾਂ ਦੌਰਾਨ ਖੂਨਦਾਨ ਨਾਲ ਕਈ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ। ਜਿਸ ਦੇ ਚਲਦਿਆਂ ਅੱਜ ਬਾਬਾ ਪਿਆਰਾ ਸਿੰਘ ਜੀ ਬਟਾਲੇ ਵਾਲੇ ਦੀ ਮਿੱਠੀ ਯਾਦ ਨੂੰ ਸਮਰਪਿਤ ਸਰਕਾਰੀ ਹਸਪਤਾਲ ਤਰਸਿੱਕਾ ਦੇ ਐਸ.ਐਮ.ਓ ਮੈਡਮ ਮੋਨਾ ਚਤਰਥ ਜੀ ਦੇ ਸਹਿਯੋਗ ਨਾਲ ਖੂਨਦਾਨ ਕੈਂਪ ਲਗਾਇਆ ਹੈ ਜਿਸ ਵਿੱਚ 50 ਦੇ ਕਰੀਬ ਵਿਅਕਤੀਆਂ ਵੱਲੋਂ ਖੂਨ-ਦਾਨ ਕੀਤਾ ਗਿਆ ਅਜਿਹੇ ਖੂਨਦਾਨ ਕੈਂਪ ਹੋਰ ਵੀ ਲਗਾਏ ਜਾਣਗੇ। ਬਾਬਾ ਜਗਤਾਰ ਸਿੰਘ ਜੀ ਨੇ ਕਿਹਾ ਕਿ ਸੰਗਤਾ ਦੇ ਸਹਿਯੋਗ ਨਾਲ ਨਵੇਂ ਖੋਲੇ ਗਏ ਚੈਰੀਟੇਬਲ ਹੋਸਪੀਟਲ ਵਿੱਚ ਬਹੁਤ ਹੀ ਹੋਣਹਾਰ ਤੇ ਕਾਬਿਲ ਡਾਕਟਰਾਂ ਦੀ ਟੀਮ ਵੱਲੋਂ ਹਰ ਰੋਜ਼ ਲੋੜਵੰਦ ਮਰੀਜ਼ਾਂ ਦਾ ਚੈੱਕ ਅਪ ਕੀਤਾ ਜਾਂਦਾ ਹਨ, ਅਤੇ ਹਰ ਤਰ੍ਹਾਂ ਦੇ ਉਪਰੇਸਨ ਕਰਨ ਦੀਆਂ ਸਹੂਲਤਾਂ ਬਰਕਰਾਰ ਕਰ ਦਿੱਤੀਆ ਹਨ ਅਤੇ 24 ਘੰਟੇ ਐਮਰਜੈਂਸੀ ਸੇਵਾਵਾਂ ਵੀ ਦਿੱਤੀਆਂ ਜਾਣਗੀਆਂ। ਇਸ ਮੌਕੇ ਖੂਨ-ਦਾਨ ਕਰਨ ਵਾਲਿਆ ਦਾਨੀਆ ਨੂੰ ਸਰਟੀਫ਼ਿਕੇਟ ਮੁਹਈਆ ਕਰਨ ਦੇ ਨਾਲ-ਨਾਲ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਐਸ.ਐਮ.ਓ ਡਾਕਟਰ ਮੋਨਾ ਚਤਰਥ ਤੋਂ ਇਲਾਵਾ ਡਾਕਟਰ ਰਾਜਬੀਰ ਸਿੰਘ ਐਮ.ਬੀ.ਬੀ.ਐਸ, ਡਾਕਟਰ ਗੁਰਮੁਖ ਸਿੰਘ ਸੈਦਪੁਰ, ਗੁਰਬਿੰਦਰ ਕੌਰ ਸਰਾਂ, ਅਵਤਾਰ ਸਿੰਘ ਸੋਨਾ, ਦਵਿੰਦਰ ਸਿੰਘ, ਨਿਰਮਲ ਸਿੰਘ, ਅਮਰ ਸਿੰਘ, ਨੀਲਾ ਭਗਤ, ਕਾਲਾ ਸਿੰਘ, ਮੰਗਲ ਸਿੰਘ, ਸਾਹਬ ਸਿੰਘ ਚਾਂਦ, ਸੁਖਦੇਵ ਸਿੰਘ, ਕੁਲਦੀਪ ਸਿੰਘ, ਸੁੰਦਰ ਸਿੰਘ, ਬਲਵਿੰਦਰ ਸਿੰਘ ਸਾਬਕਾ ਸਰਪੰਚ, ਸੁਖਦੇਵ ਸਿੰਘ ਤਲਵੰਡੀ, ਸਤਨਾਮ ਸਿੰਘ ਵੈਰੋਨੰਗਲ, ਪਾਲ ਸਿੰਘ ਘੁਹਾਟਵਿੰਡ ਆਦਿ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

### ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਵਿਖੇ

# ਨਵੇਂ ਵਿਦਿਆਰਥੀਆਂ ਲਈ ਫਰੈਸ਼ਰ ਪਾਰਟੀ 'ਪਰਵਾਜ਼ 2025' ਦਾ ਆਯੋਜਨ



**ਤਲਵੰਡੀ ਸਾਬੋ, 19 ਨਵੰਬਰ (ਗੁਰਜੰਟ ਸਿੰਘ ਨਥੇਹਾ)**-ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ ਦੇ ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਵਿਖੇ ਸੈਸ਼ਨ 2025-2026 ਦੌਰਾਨ ਵੱਖ-ਵੱਖ ਕੋਰਸਾਂ ਬੀ.ਟੈਕ, ਡਿਪਲੋਮਾ ਅਤੇ ਬੀ.ਸੀ.ਏ ਆਦਿ ਵਿੱਚ ਦਾਖਲਾ ਲੈਣ ਵਾਲੇ ਨਵੇਂ ਵਿਦਿਆਰਥੀਆਂ ਲਈ ਫਰੈਸ਼ਰ ਪਾਰਟੀ ਪਰਵਾਜ਼ 2025 ਦਾ ਆਯੋਜਨ ਕੀਤਾ ਗਿਆ। ਇਸ ਪਾਰਟੀ ਦਾ ਸੰਚਾਲਨ ਵਿਭਾਗ ਵੱਲੋਂ ਗਠਿਤ ਕੀਤੀ ਗਈ ਪ੍ਰਬੰਧਕੀ ਕਮੇਟੀ ਅਤੇ ਸੀਨੀਅਰ ਵਿਦਿਆਰਥੀਆਂ ਵੱਲੋਂ ਕੀਤਾ ਗਿਆ। ਇਸ ਪ੍ਰੋਗਰਾਮ ਦਾ ਆਗਾਜ਼ ਵਿਭਾਗ ਦੇ ਮੁਖੀ ਪ੍ਰੋ. (ਡਾ.) ਨਵਦੀਪ ਗੋਇਲ ਵੱਲੋਂ ਦੀਪ ਜਗਾ ਕੇ ਕੀਤਾ ਗਿਆ। ਆਪਣੇ ਸੰਬੋਧਨ ਵਿੱਚ ਉਹਨਾਂ ਨੇ ਵਿਦਿਆਰਥੀਆਂ ਨੂੰ ਵਿਭਾਗ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ ਅਤੇ ਪੜ੍ਹਾਈ ਦੇ ਨਾਲ ਨਾਲ ਖੇਡਾਂ ਅਤੇ ਹੋਰ ਵਾਧੂ ਗਤੀਵਿਧੀਆਂ ਵਿੱਚ ਵੀ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਵਿਦਿਆਰਥੀਆਂ ਨੇ ਸ਼ਬਦ, ਗਾਇਕੀ, ਸ਼ਾਇਰੀ ਤੇ ਭੰਗੜਾ ਆਦਿ ਦਾ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਪ੍ਰੋਗਰਾਮ ਚ ਭਰਪੂਰ ਰੰਗ ਬੰਨ੍ਹਿਆ। ਲਗਪਗ 50 ਨਵੇਂ ਵਿਦਿਆਰਥੀਆਂ ਨੇ ਰੈਂਪ ਵਾਕ ਕੀਤੀ ਅਤੇ ਖੁਦ ਦੀ ਸ਼ਖ਼ਸੀਅਤ ਬਾਰੇ ਦੱਸਿਆ। ਡਾ. ਸਿੰਪਲ ਜ਼ਿੰਦਲ, ਡਾ. ਸੁਖਪਾਲ ਸਿੰਘ ਚੱਠਾ, ਡਾ. ਗੁਰਵਿੰਦਰ ਕੌਰ, ਡਾ. ਗਗਨਦੀਪ ਕੌਸ਼ਲ ਤੇ ਡਾ. ਅਮਨਦੀਪ ਕੌਰ ਸਰਾਓ ਨੇ ਜੱਜ ਦੀ ਭੂਮਿਕਾ ਨਿਭਾਉਂਦੇ ਹੋਏ ਮਿਸਟਰ ਫਰੈਸ਼ਰ ਜਪਜੋਤ ਸਿੰਘ (ਬੀ.ਟੈਕ, ਪਹਿਲਾ ਸਮੈਸਟਰ, ਸੀ.ਐਸ.ਈ), ਮਿਸ ਫਰੈਸ਼ਰ ਕੋਮਲਪ੍ਰੀਤ ਕੌਰ ਸਿੱਧੂ (ਬੀ.ਟੈਕ, ਪਹਿਲਾ ਸਮੈਸਟਰ, ਸੀ.ਐਸ.ਈ), ਮਿਸਟਰ ਹੈਂਡਸਮ ਮਨਜੋਤ ਸਿੰਘ (ਬੀ.ਸੀ.ਏ, ਪਹਿਲਾ ਸਮੈਸਟਰ) ਤੇ ਮਿਸ ਚਾਰਮਿੰਗ ਨਵਜੋਤ ਕੌਰ (ਬੀ.ਟੈਕ, ਪਹਿਲਾ ਸਮੈਸਟਰ, ਸੀ.ਐਸ.ਈ) ਨੂੰ ਚੁਣਿਆ। ਇਸ ਪ੍ਰੋਗਰਾਮ ਵਿੱਚ ਲਗਪਗ 400 ਵਿਦਿਆਰਥੀਆਂ, ਫੈਕਲਟੀ ਤੇ ਸਟਾਫ ਮੈਂਬਰਾਂ ਨੇ ਆਨੰਦ ਮਾਣਿਆ। ਪ੍ਰੋਗਰਾਮ ਕੋਆਰਡੀਨੇਟਰ ਡਾ. ਰਾਜਭੁਪਿੰਦਰ ਕੌਰ ਨੇ ਫਰੈਸ਼ਰ ਪਾਰਟੀ ਦੇ ਸਫਲ ਆਯੋਜਨ ਲਈ ਕੈਂਪਸ ਡਾਇਰੈਕਟਰ ਪ੍ਰੋ. (ਡਾ.) ਅਮਨਦੀਪ ਸਿੰਘ, ਪ੍ਰਬੰਧਕੀ ਕਮੇਟੀ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਬੰਧਕੀ ਕਮੇਟੀ ਦੇ ਕੋ-ਕੋਆਰਡੀਨੇਟਰਜ਼ ਡਾ. ਦੀਪਕ ਭੰਡਾਰੀ ਤੇ ਪ੍ਰੋ. ਸੁਪ੍ਰੀਤ ਕੌਰ, ਪ੍ਰੋ. ਰਮਨਪ੍ਰੀਤ ਸਿੰਘ ਅਤੇ ਹੋਰ ਵਧੇਰੇ ਅਧਿਆਪਨ ਤੇ ਗੈਰ-ਅਧਿਆਪਨ ਅਮਲਾ ਹਾਜ਼ਰ ਸੀ।

# ਪੰਜਾਬ ਸਰਕਾਰ ਵੱਲੋਂ ਬਿਜਲੀ ਕੁਨੈਕਸ਼ਨ ਲਈ ਐਨ ਓ ਸੀ ਦੀ ਸ਼ਰਤ ਖ਼ਤਮ ਕਰਨ ਤੇ ਧੰਨਵਾਦ : ਨਿਸ਼ਾਨ ਸਿੰਘ ਅਰਜਨ ਮਾਂਗਾ



**ਚੌਕ ਮਹਿਤਾ, 19 ਨਵੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਸੂਬੇ ਦੇ ਲੋਕਾਂ ਨੂੰ ਇੱਕ ਹੋਰ ਤੋਹਫਾ ਦਿੰਦੇ ਹੋਏ ਬਿਜਲੀ ਦੇ ਕਨੈਕਸ਼ਨਾਂ ਲਈ ਐਨਓਸੀ ਦੀ ਸ਼ਰਤ ਖਤਮ ਕਰਨ ਤੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਹੋਇਆ ਹਲਕਾ ਮਜੀਠਾ ਦੇ ਮੀਡੀਆ ਕੋਆਰਡੀਨੇਟਰ ਨਿਸ਼ਾਨ ਸਿੰਘ ਅਰਜੁਨ ਮਾਂਗਾ ਨੇ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਇੱਕ ਬਹੁਤ ਵੱਡੀ ਸਹੂਲਤ ਹੈ ਇਸ ਨਾਲ ਲੋਕਾਂ ਨੂੰ ਵਾਧੂ ਦੀ ਖੱਜਲ ਖਰਾਬੀ ਤੋਂ ਛੁਟਕਾਰਾ ਮਿਲੇਗਾ ਉਹਨਾਂ ਕਿਹਾ ਕਿ ਹੋਰ ਨਾ ਸਹੂਲਤਾਂ ਵਾਂਗ ਇਹ ਸਹੂਲਤ ਵੀ ਲੋਕਾਂ ਦਾ ਭਰੋਸਾ ਆਮ ਆਦਮੀ ਪਾਰਟੀ ਵਿੱਚ ਵਧਾਏਗੀ ਹਲਕੇ ਮਜੀਠਾ ਬਾਰੇ ਉਹਨਾਂ ਕਿਹਾ ਕੇ ਜੱਦੋ ਦੇ ਸ ਤਲਬੀਰ ਸਿੰਘ ਗਿੱਲ ਦੇ ਹੱਥ ਪਾਰਟੀ ਦੀ ਵਾਗਡੋਰ ਆਈ ਹੈ ਹਲਕੇ ਦੇ ਪਾਰਟੀ ਵਰਕਰਾਂ ਵਿੱਚ ਨਵਾਂ ਜੋਸ਼ ਭਰਿਆ ਹੈ ਇਸ ਵਾਰ ਪਾਰਟੀ ਵੱਡੀ ਲੀਡ ਨਾਲ ਜਿੱਤ ਦਰਜ ਕਰੇਗੀ।

# ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਤੇ ਅੰਮ੍ਰਿਤਸਰ ਦੇ ਡੀਸੀ ਸਾਹਿਬ ਤੇ ਅੰਮ੍ਰਿਤਸਰ ਦੇ ਕਾਰਪੋਰੇਸ਼ਨ ਦੇ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ



**ਚੌਕ ਮਹਿਤਾ, 19 ਨਵੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਧੰਨ ਧੰਨ ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ 350ਵਾਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਦੂਰੋਂ ਦੂਰੋਂ ਲੱਖਾਂ ਸ਼ਰਧਾਲੂ ਦਰਸ਼ਨਾਂ ਲਈ ਪਹੁੰਚ ਰਹੇ ਨੇ ਅਕਾਲ ਸੇਵਾ ਫਾਊਂਡੇਸ਼ਨ ਵੱਲੋਂ ਅੰਮ੍ਰਿਤਸਰ ਦੇ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਤੇ ਅੰਮ੍ਰਿਤਸਰ ਦੇ ਡੀਸੀ ਸਾਹਿਬ ਤੇ ਅੰਮ੍ਰਿਤਸਰ ਦੇ ਕਾਰਪੋਰੇਸ਼ਨ ਦੇ ਕਮਿਸ਼ਨਰ ਨੂੰ ਇੱਕ ਮੰਗ ਪੱਤਰ ਦਿੱਤਾ ਤੇ ਸ਼ਹਿਰ ਦੇ ਆਲੇ ਦੁਆਲੇ ਸਾਫ ਸਫਾਈ ਦੀ ਮੰਗ ਕੀਤੀ ਗੱਲਬਾਤ ਕਰਦੇ ਹੋਏ ਸਮਾਜ ਸੇਵੀ ਤੇ ਸਿੱਖ ਆਗੂ ਸਰਬਜੀਤ ਸਿੰਘ ਸੋਨੂ ਜੰਡਿਆਲਾ ਨੇ ਦੱਸਿਆ ਕਿ ਬਿਆਸ ਤੋਂ ਬਾਬਾ ਬਕਾਲਾ ਸਾਹਿਬ ਤੇ ਅੰਮ੍ਰਿਤਸਰ ਨੂੰ ਆਉਣ ਵਾਲੇ ਸਾਰੇ ਰਸਤੇ ਅੰਮ੍ਰਿਤਸਰ ਦੇ ਬੱਸ ਸਟੈਂਡ ਰੇਲਵੇ ਸਟੇਸ਼ਨ ਤੇ ਏਅਰਪੋਰਟ ਤੇ ਗੁਰੂ ਘਰਾਂ ਨੂੰ ਜਾਣ ਵਾਲੇ ਸਾਰੇ ਰਸਤਿਆਂ ਵਿੱਚ ਸਾਫ ਸਫਾਈ ਦਾ ਖਾਸਾ ਧਿਆਨ ਰੱਖਿਆ ਜਾਵੇ ਜਿਸ ਦੇ ਸਬੰਧ ਵਿੱਚ ਅੱਜ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਤੇ ਐਮਪੀ ਸਾਹਿਬ ਨਾਲ ਕੀਤੇ ਮੁਲਾਕਾਤ ਤੇ ਇੱਕ ਮੰਗ ਪੱਤਰ ਦਿੱਤਾ ਤੇ ਬੇਨਤੀ ਕੀਤੀ ਕਿ ਗੁਰੂ ਸਾਹਿਬ ਦੇ ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖਦਿਆਂ ਹੋਇਆਂ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਸ਼ਹਿਰ ਦੇ ਆਲੇ ਦੁਆਲੇ ਨੂੰ ਤੇ ਸ਼ਹਿਰ ਨੂੰ ਸਾਫ ਸੁਥਰਾ ਰੱਖੀਏ ਤੇ ਆਉਣ ਵਾਲੀਆਂ ਸੰਗਤਾਂ ਨੂੰ ਜੀ ਆਇਆ ਕਹੀਏ ਗੱਲਬਾਤ ਕਰਦੇ ਹੋਏ ਉਹਨਾਂ ਦੱਸਿਆ ਕਿ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਗੁਰੂ ਸਾਹਿਬ ਦਾ ਸ਼ਹੀਦੀ ਦਿਹਾੜਾ ਅਸੀਂ ਸਭ ਰਲ ਮਿਲ ਕੇ ਮਨਾਈਏ ਤੇ ਆਪਣੇ ਆਲੇ ਦੁਆਲੇ ਨੂੰ ਸਾਫ ਸੁਥਰਾ ਰੱਖ ਕੇ ਇੱਕ ਚੰਗੇ ਕੰਮ ਵਿੱਚ ਯੋਗਦਾਨ ਪਾਈਏ ਤੇ ਵੱਧ ਤੋਂ ਵੱਧ ਰੁੱਖ ਲਗਾਈਏ ਗੱਲਬਾਤ ਕਰਦੇ ਹੋਏ ਅਕਾਲ ਸੇਵਾ ਫਾਊਂਡੇਸ਼ਨ ਦੇ ਪ੍ਰਧਾਨ ਹਰਪਾਲ ਸਿੰਘ ਰੰਧਾਵਾ ਨੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਅਕਾਲ ਸੇਵਾ ਫਾਊਂਡੇਸ਼ਨ ਦੀ ਵੀ ਸਮੁੱਚੀ ਟੀਮ ਪ੍ਰਸ਼ਾਸਨ ਦਾ ਸਾਥ ਦਵੇਗੀ ਤੇ ਸਾਫ ਸਫਾਈ ਵਿੱਚ ਅਸੀਂ ਵੀ ਪ੍ਰਸ਼ਾਸਨ ਦਾ ਹਰ ਪਾਸਿਓਂ ਸਹਿਯੋਗ ਕਰਾਂਗੇ। ਕਿਉਂਕਿ ਸਾਡਾ ਵੀ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਵੀ ਹਰ ਇੱਕ ਚੰਗੇ ਕੰਮ ਵਿੱਚ ਆਪੋ ਆਪਣਾ ਯੋਗਦਾਨ ਪਾਈਏ।

# ਧਰਮ ਰੱਖਿਆ ਯਾਤਰਾ ਗੁਰੂ ਹਰਿਕ੍ਰਿਸ਼ਨ ਨਗਰ ਤੋਂ ਚੱਲ ਕੇ ਗੁਰਦੁਆਰਾ ਨਾਨਕ ਪਿਆਊ ਸਾਹਿਬ ਵਿਖੇ ਪਹੁੰਚੀ




ਨਵੀਂ ਦਿੱਲੀ, 19 ਨਵੰਬਰ (ਮਨਪ੍ਰੀਤ ਸਿੰਘ ਖਾਲਸਾ): ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਹਨਾਂ ਦੇ ਅਨਿੰਨ ਸੇਵਕਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ੍ਰੀ ਆਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੋਂ ਸ਼ੁਰੂ ਹੋ ਕੇ ਦਿੱਲੀ ਪਹੁੰਚੀ ਧਰਮ ਰੱਖਿਅਕ ਯਾਤਰਾ ਨਗਰ ਕੀਰਤਨ ਦੇ ਰੂਪ ਵਿਚ ਅੱਜ ਗੁਰੂ ਹਰਿਕ੍ਰਿਸ਼ਨ ਨਗਰ ਤੋਂ ਆਰੰਭ ਹੋ ਕੇ ਦੇਰ ਸ਼ਾਮ ਗੁਰਦੁਆਰਾ ਨਾਨਕ ਪਿਆਊ ਵਿਖੇ ਪਹੁੰਚੀ। ਇਥੇ ਹੀ ਯਾਤਰਾ ਦਾ ਰਾਤਰੀ ਵਿਸ਼ਰਾਮ ਹੋਵੇਗਾ। ਪੰਜ ਪਿਆਰਿਆਂ ਦੀ ਅਗਵਾਈ ਹੇਠ ਸੁੰਦਰ ਪਾਲਕੀ ਵਿਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਦੀ ਅਗਵਾਈ ਹੇਠ ਇਹ ਯਾਤਰਾ ਗੁਰੂ ਹਰਿਕ੍ਰਿਸ਼ਨ ਨਗਰ ਤੋਂ ਆਰੰਭ ਹੋ ਕੇ ਬਹਿਰਾ ਐਨਕਲੇਵ, ਜਵਾਲਾਹੇੜੀ, ਪੰਜਾਬੀ ਬਾਗ ਕਲੱਬ ਰੋਡ, ਜਨਰਲ ਸਟੋਰ, ਬਿਰਤਾਨੀਆ ਚੌਂਕ ਤੋਂ ਖੱਬੇ, ਰਾਣੀ ਬਾਗ, ਗੁਰਦੁਆਰਾ ਭਾਈ ਲਾਲੋ ਜੀ, ਗੁਰਦੁਆਰਾ ਸਾਹਿਬ ਸਰਸਵਤੀ ਵਿਹਾ, ਕੋਹਾਟ ਐਨਕਲੇਵ, ਆਸ਼ਿਆਨਾ ਚੌਂਕ ਤੋਂ ਖੱਬੇ ਮਧੂਬਨ ਚੌਂਕ, ਸਾਂਈ ਬਾਬਾ ਚੌਂਕ ਸੱਜੇ ਤੋਂ ਫਾਰਮਰ ਸੁਸਾਇਟੀ, ਨੀਲ ਕੰਠ ਚੌਂਕ ਤੋਂ ਸੱਜੇ ਆਊਟਰ ਰਿੰਗ ਰੋਡ, ਇਨਕਮ ਟੈਕਸ ਕਲੌਨੀ ਪ੍ਰੀਤਮਪੁਰਾ, ਡਿਸਟ੍ਰਿਕ ਪਾਰਕ ਪ੍ਰੀਤਮਪੁਰਾ, ਸਿਟੀ ਪਾਰਕ ਹੋਟਲ, ਗੋਪਾਲਮੰਦਰ, ਮੁਨੀ ਮਾਇਆ ਰਾਮ ਮਾਰਗ, ਪ੍ਰੇਮ ਬਾੜੀ, ਕੇਸ਼ਵਪੁਰਮ, ਤ੍ਰੀ ਨਗਰ ਰੋਡ, ਇੰਦਰਲੋਕ, ਸ਼ਾਸਤਰੀ ਨਗਰ, ਗੁਲਾਬੀ ਬਾਗ ਤੋਂ ਅਸ਼ੋਕ ਵਿਹਾਰ, ਸਤਿਆਵਤੀ ਕਾਲਜ, ਜੀ ਟੀ ਕਰਨਾਲ ਰੋਡ ਤੋਂ ਸੱਜ ਡੇਰਾਵਾਲ ਨਗਰ ਤੋਂ ਹੁੰਦੀ ਹੋਈ ਗੁਰਦੁਆਰਾ ਨਾਨਕ ਪਿਆਊ ਸਾਹਿਬ ਪਹੁੰਚੀ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਸਮੇਤ ਕਮੇਟੀ ਦੇ ਵੱਖ-ਵੱਖ ਅਹੁਦੇਦਾਰ ਤੇ ਮੈਂਬਰ, ਵੱਖ-ਵੱਖ ਸਿੰਘ ਸਭਾਵਾਂ ਦੇ ਅਹੁਦੇਦਾਰ ਤੇ ਮੈਂਬਰ ਤੇ ਵੱਡੀ ਗਿਣਤੀ ਵਿਚ ਸੰਗਤਾਂ ਇਸ ਨਗਰ ਕੀਰਤਨ ਰੂਪੀ ਯਾਤਰਾ ਦੇ ਨਾਲ ਪਹੁੰਚੇ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਯਾਤਰਾ ਨੂੰ ਲੈ ਕੇ ਸੰਗਤਾਂ ਦਾ ਉਤਸ਼ਾਹ ਵੇਖਦਿਆਂ ਹੀ ਬਣਦਾ ਸੀ। ਸੰਗਤਾਂ ਨੇ ਸਾਰੇ ਰਸਤੇ ਫੁੱਲਾਂ ਦੀ ਵਰਖਾ ਨਾਲ ਪੰਜ ਪਿਆਰਿਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਅਤੇ ਸੰਗਤਾਂ ਦਾ ਸਵਾਗਤ ਕੀਤਾ। ਥਾਂ-ਥਾਂ ਸੰਗਤਾਂ ਨੇ ਵੱਖ-ਵੱਖ ਖਾਣ ਪੀਣ ਦੀਆਂ ਚੀਜ਼ਾਂ ਦੇ ਲੰਗਰ ਲਗਾਏ ਹੋਏ ਸਨ।

ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਨੂੰ

# 870 ਦਿਨ ਪੂਰੇ ਹੋਣ ਤੇ ਭਾਰਤੀ ਅੰਬੈਸੀ ਮੂਹਰੇ ਵਿਰੋਧ ਪ੍ਰਦਰਸ਼ਨ




**ਨਵੀਂ ਦਿੱਲੀ, 19 ਨਵੰਬਰ (ਮਨਪ੍ਰੀਤ ਸਿੰਘ ਖਾਲਸਾ):**-ਕੌਮ ਦੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਜਿੰਨਾਂ ਨੂੰ 18 ਜੂਨ 2023 ਨੂੰ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਦੇ ਵਿੱਚ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ ਸੀ, ਉਹਨਾਂ ਦੀ ਸ਼ਹਾਦਤ ਨੂੰ ਸਮਰਪਿਤ ਅਤੇ ਇੰਨਸਾਫ ਦੀ ਪ੍ਰਾਪਤੀ ਲਈ ਹਰ ਮਹੀਨੇ ਦੀ 18 ਤਰੀਕ ਨੂੰ ਵੈਨਕੂਵਰ ਵਿਖੇ ਭਾਰਤੀ ਅੰਬੈਸੀ ਵਿਖੇ ਭਾਰੀ ਰੋਸ-ਮੁਜਾਹਿਰਾ ਕੀਤਾ ਜਾਂਦਾ ਹੈ ਭਾਈ ਨਰਿੰਦਰ ਸਿੰਘ

ਆਵਾਜ਼ਿ ਕੌਮ AWAZE QAUM International Newspaper & WEB TV

ਰੰਧਾਵਾ ਨੇ ਦਸਿਆ ਕਿ 18 ਨਵੰਬਰ ਨੂੰ ਜਦੋਂ ਭਾਈ ਨਿੱਝਰ ਦੀ ਸ਼ਹੀਦੀ ਨੂੰ 870 ਦਿਨ ਪੂਰੇ ਹੋਏ, ਉਸ ਨੂੰ ਸਮਰਪਿਤ ਕੈਨੇਡਾ ਦੀਆਂ ਸਿੱਖ-ਸੰਗਤਾਂ ਵੱਲੋਂ ਭਾਰੀ ਰੋਸ-ਪ੍ਰਦਰਸ਼ਨ ਕੀਤਾ ਗਿਆ ਜਿਸ ਦੌਰਾਨ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਗੂੰਜਾਂ ਪਾਈਆਂ ਗਈਆਂ ਨਾਲ-ਨਾਲ ਭਾਰਤੀ ਕੌਂਸਲੇਟ ਨੂੰ ਬੰਦ ਕਰਨ ਅਤੇ ਭਾਰਤੀ ਰਾਜਦੂਤ ਜੋ ਕਿ ਭਾਈ ਹਰਦੀਪ ਸਿੰਘ ਦੀ ਸ਼ਹਾਦਤ ਵਿੱਚ ਸ਼ਾਮਲ ਨੇ ਅਤੇ ਭਗੌੜੇ ਹਨ ਉਹਨਾਂ ਨੂੰ ਕੈਨੇਡਾ ਲਿਆ ਕੇ ਕਟਹਿਰੇ ਵਿੱਚ ਖੜੇ ਕਰਨ ਦੀ ਵੀ ਮੰਗ ਵੀ ਜ਼ੋਰਾਂ ਨਾਲ ਕੀਤੀ ਗਈ । ਇਸ ਮੌਕੇ ਭਾਰਤੀ ਅੰਬੈਸੀ ਵੈਨਕੂਵਰ ਦੇ ਸਾਹਮਣੇ ਟੀਮ ਨਿੱਝਰ ਸੋਸਾਇਟੀ ਬਣਾਉਣ ਦਾ ਐਲਾਨ ਕੀਤਾ ਗਿਆ ਜੋ ਕਿ ਕੈਨੇਡਾ ਵਿਚ ਸਿੱਖਾਂ ਦੇ ਮਸਲਿਆਂ ਉਪਰ ਕੰਮਕਾਰ ਕਰੇਗੀ । ਇਸ ਰੋਸ- ਪ੍ਰਦਰਸ਼ਨ ਦੌਰਾਨ ਭਾਰਤੀ ਝੰਡਾ ਦੀ ਬੇਹੁਰਮਤੀ ਕੀਤੀ ਗਈ ਅਤੇ "ਭਾਰਤੀ ਸ਼ਰਾਫ਼ਤ ਖਾਨਾ ਬੰਦ ਕਰੋ" ਦੇ ਨਾਅਰੇ ਲਾਏ ਗਏ । ਇਸ ਮੌਕੇ ਭਾਈ ਰੰਧਾਵਾ ਨੇ ਦਸਿਆ ਕਿ ਰੈਫਰੰਡਮ ਦੇ ਅਗਲੇ ਪੜਾਅ ਦੇ ਵੋਟ ਜੋ ਕਿ 23 ਨਵੰਬਰ ਨੂੰ ਕੈਨੇਡਾ ਦੇ ਓਟਵਾ ਵਿਖ਼ੇ ਹੋਣੇ ਹਨ, ਦੀ ਸਫਲਤਾ ਲਈ 20 ਨਵੰਬਰ ਨੂੰ ਅਖੰਡ ਪਾਠ ਸਾਹਿਬ ਜੀ ਆਰੰਭ ਹੋਣਗੇ ਜਿਨ੍ਹਾਂ ਦੇ ਭੋਗ 22 ਨਵੰਬਰ ਨੂੰ ਪਾਏ ਜਾਣਗੇ । ਉਨ੍ਹਾਂ ਇਸ ਮੌਕੇ ਕੈਨੇਡੀਅਨ ਸੰਗਤਾਂ ਨੂੰ ਭਾਰੀ ਗਿਣਤੀ ਵਿਚ ਓਟਵਾ ਪਹੁੰਚ ਕੇ ਰੈਫਰੰਡਮ ਨੂੰ ਸਫਲ ਬਣਾਉਣ ਦੀ ਅਪੀਲ ਕੀਤੀ । ਭਾਰਤੀ ਅੰਬੈਸੀ ਮੂਹਰੇ ਕੀਤੇ ਗਏ ਪ੍ਰਦਰਸ਼ਨ ਦੌਰਾਨ ਗੁਰੂ ਘਰ ਦੇ ਪ੍ਰਬੰਧਕ ਭਾਈ ਗੁਰਮੀਤ ਸਿੰਘ ਤੂਰ, ਭਾਈ ਨਰਿੰਦਰ ਸਿੰਘ ਰੰਧਾਵਾ, ਭਾਈ ਅਵਤਾਰ ਸਿੰਘ ਖਹਿਰਾ, ਟੀਮ ਨਿੱਜਰ ਤੋ ਭਾਈ ਦਲਜੀਤ ਸਿੰਘ, ਭਾਈ ਅਜੈਪਾਲ ਸਿੰਘ, ਭਾਈ ਰਜਿੰਦਰ ਸਿੰਘ, ਬਾਬਾ ਜੈਗ ਸਿੱਧੂ, ਭਾਈ ਮਨਜਿੰਦਰ ਸਿੰਘ, ਭਾਈ ਰਜਿੰਦਰ ਸਿੰਘ ਨੱਤ, ਭਾਈ ਰਣਜੀਤ ਸਿੰਘ ਚਾਹਲ, ਕਰਨੈਲ ਸਿੰਘ ਟੁੱਟ ਸਮੇਤ ਵਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਿਰੀ ਭਰ ਕੇ ਆਪਣਾ ਰੋਸ ਪ੍ਰਗਟ ਕੀਤਾ ਸੀ।

## ਭਾਰਤੀ ਅੰਬੈਸੀ ਵੈਨਕੂਵਰ ਦੇ ਸਾਹਮਣੇ ਟੀਮ ਨਿੱਝਰ ਸੋਸਾਇਟੀ ਬਣਾਉਣ ਦਾ ਕੀਤਾ ਗਿਆ ਐਲਾਨ

# ਸਿੱਖ ਯੂਥ ਯੂਕੇ ਨੇ ਯੂਕੇ ਵਿਚ ਸ਼ੁਰੂ ਕੀਤੀ ਰਾਸ਼ਟਰੀ ਸਿੱਖ ਸੁਰੱਖਿਆ ਮੁਹਿੰਮ



**ਨਵੀਂ ਦਿੱਲੀ, 19 ਨਵੰਬਰ (ਮਨਪ੍ਰੀਤ ਸਿੰਘ ਖਾਲਸਾ):**- ਸਿੱਖ ਯੂਥ ਯੂਕੇ ਦੇ ਮੁੱਖੀ ਭਾਈ ਦੀਪਾ ਸਿੰਘ ਨੇ ਮੀਡੀਆ ਨੂੰ ਜਾਰੀ ਕੀਤੇ ਬਿਆਨ ਰਾਹੀਂ ਦਸਿਆ ਕਿ ਦੇਸ਼ ਅੰਦਰ ਸਿੱਖਾਂ ਉਪਰ ਵੱਧ ਰਹੇ ਹਮਲਿਆਂ ਨਾਲ ਜਿੱਥੇ ਸਿੱਖਾਂ ਦੀ ਸੁਰੱਖਿਆ ਨੂੰ ਖਤਰਾ ਪੈਦਾ ਹੋਇਆ ਹੈ ਓਥੇ ਉਨ੍ਹਾਂ ਅੰਦਰ ਚਿੰਤਾ ਵੀਂ ਵਧੀ ਹੈ ਜਿਸ ਨੂੰ ਦੇਖਦਿਆਂ ਅਸੀਂ ਯੂਕੇ ਅੰਦਰ ਇਕ ਦੇਸ਼ ਵਿਆਪੀ ਸਿੱਖ ਸੁਰੱਖਿਆ ਮੁਹਿੰਮ ਸ਼ੁਰੂ ਕੀਤੀ ਹੈ ਤਾਂ ਜੋ ਅਜਿਹੇ ਸਮੇਂ ਦੌਰਾਨ

ਆਵਾਜ਼ਿ ਕੌਮ AWAZE QAUM International Newspaper & WEB TV

ਵਿਹਾਰਕ ਸਹਾਇਤਾ, ਭਰੋਸਾ ਅਤੇ ਜਾਗਰੂਕਤਾ ਪ੍ਰਦਾਨ ਕੀਤੀ ਜਾ ਸਕੇ ਜਦੋਂ ਸਾਡੇ ਭਾਈਚਾਰੇ ਦੇ ਬਹੁਤ ਸਾਰੇ ਲੋਕ ਆਪਣੇ ਆਪ ਨੂੰ ਵੱਧ ਤੋਂ ਵੱਧ ਕਮਜ਼ੋਰ ਮਹਿਸੂਸ ਕਰ ਰਹੇ ਹਨ। ਇਸ ਪਹਿਲਕਦਮੀ ਦਾ ਇੱਕ ਕੇਂਦਰੀ ਹਿੱਸਾ ਨਿੱਜੀ ਸੁਰੱਖਿਆ ਅਲਾਰਮ ਵੰਡਣਾ ਰਿਹਾ ਹੈ। ਹੁਣ ਤੱਕ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੇ ਜਸ਼ਨ ਦੇ ਨਾਲ-ਨਾਲ ਦੇਸ਼ ਭਰ ਵਿੱਚ 20,000 ਅਲਾਰਮ ਪਹਿਲਾਂ ਹੀ ਵੰਡੇ ਜਾ ਚੁੱਕੇ ਹਨ। ਇਸ ਯਤਨ ਨੇ ਹਜ਼ਾਰਾਂ ਲੋਕਾਂ ਨੂੰ ਆਰਾਮ ਅਤੇ ਸੁਰੱਖਿਆ ਦੀ ਭਾਵਨਾ ਦਿੱਤੀ ਹੈ, ਬਹੁਤ ਸਾਰੀਆਂ ਸਿੱਖ ਔਰਤਾਂ ਨੇ ਇਹ ਪ੍ਰਗਟ ਕੀਤਾ ਹੈ ਕਿ ਅਲਾਰਮ ਪ੍ਰਾਪਤ ਕਰਨ ਅਤੇ ਸਿੱਖ ਮਰਦਾਂ ਨੂੰ ਸਰਗਰਮੀ ਨਾਲ ਸੜਕਾਂ 'ਤੇ ਨਿਕਲਦੇ ਅਤੇ ਭਾਈਚਾਰੇ ਦੀ ਰੱਖਿਆ ਲਈ ਅੱਗੇ ਆਉਂਦੇ ਦੇਖ ਕੇ ਉਹ ਕਿੰਨੀ ਜ਼ਿਆਦਾ ਭਰੋਸਾ ਮਹਿਸੂਸ ਕਰਦੀਆਂ ਹਨ। ਉਨ੍ਹਾਂ ਦਸਿਆ ਕਿ ਅਲਾਰਮ ਦੇ ਨਾਲ-ਨਾਲ, ਅਸੀਂ ਸੰਗਤ ਨੂੰ ਸੂਚਿਤ ਕਰਨ ਅਤੇ ਸਸ਼ਕਤ ਬਣਾਉਣ ਲਈ ਤਿਆਰ ਕੀਤੇ ਗਏ ਪਰਚੇ ਵੰਡਣੇ ਅਤੇ ਵਿਦਿਅਕ ਸੈਮੀਨਾਰ ਦੇਣਾ ਵੀਂ ਨਾਲ ਨਾਲ ਸ਼ੁਰੂ ਕਰ ਦਿੱਤਾ ਹੈ। ਇਹ ਸੈਸ਼ਨ ਭਾਈਚਾਰੇ ਨੂੰ ਯੂਕੇ ਵਿੱਚ ਮੌਜੂਦਾ ਮਾਹੌਲ ਦੀਆਂ ਅਸਲੀਅਤਾਂ ਨੂੰ ਸਮਝਣ, ਜੋਖਮਾਂ ਨੂੰ ਪਛਾਣਨ, ਗਲੀ-ਸਮਾਰਟ ਰਹਿਣ ਅਤੇ ਰਾਜਨੀਤਿਕ ਏਜੰਡਿਆਂ ਤੋਂ ਜਾਣੂ ਰਹਿਣ ਵਿੱਚ ਮਦਦ ਕਰਦੇ ਹਨ ਜੋ ਸਿੱਖ ਭਾਵਨਾਵਾਂ ਦਾ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ। ਉਨ੍ਹਾਂ ਕਿਹਾ ਸਾਡਾ ਉਦੇਸ਼ ਨਾ ਸਿਰਫ਼ ਸਿੱਖਾਂ ਦੀ ਸੁਰੱਖਿਆ ਵਧਾਉਣਾ ਹੈ ਸਗੋਂ ਏਕਤਾ ਅਤੇ ਤਿਆਰੀ ਨੂੰ ਮਜ਼ਬੂਤ ਕਰਨਾ ਵੀ ਹੈ। ਉਨ੍ਹਾਂ ਦਸਿਆ ਇਸ ਮੁਹਿੰਮ ਨੂੰ ਹਰ ਖੇਤਰ ਵਿੱਚ ਸਮਰਪਿਤ ਵਲੰਟੀਅਰਾਂ ਦੁਆਰਾ ਸਮਰਥਨ ਦਿੱਤਾ ਜਾ ਰਿਹਾ ਹੈ, ਜੋ ਸਥਾਨਕ ਸੰਗਠਨਾਂ, ਗੁਰਦੁਆਰਿਆਂ ਅਤੇ ਸੇਵਾਦਾਰਾਂ ਨਾਲ ਮਿਲ ਕੇ ਕੰਮ ਕਰ ਰਹੇ ਹਨ। ਉਨ੍ਹਾਂ ਦੀ ਸ਼ਮੂਲੀਅਤ ਇੱਕ ਢਾਂਚਾਗਤ, ਜ਼ਮੀਨੀ ਨੈੱਟਵਰਕ ਬਣਾਉਣ ਵਿੱਚ ਮਦਦ ਕਰ ਰਹੀ ਹੈ ਜੋ ਸਥਾਨਕ ਜ਼ਰੂਰਤਾਂ ਦਾ ਜਵਾਬ ਦੇ ਸਕਦਾ ਹੈ, ਸਕਾਰਾਤਮਕ ਹੱਲ ਪੇਸ਼ ਕਰ ਸਕਦਾ ਹੈ, ਅਤੇ ਸਾਡੇ ਭਾਈਚਾਰੇ ਨੂੰ ਭਰੋਸਾ ਦਿਵਾਉਂਦਾ ਰਹਿੰਦਾ ਹੈ - ਜਿਵੇਂ ਕਿ ਸੁਰੱਖਿਆ ਅਲਾਰਮ ਪਹਿਲਾਂ ਹੀ ਕਰ ਚੁੱਕੇ ਹਨ। ਉਨ੍ਹਾਂ ਦਸਿਆ ਜਿਵੇਂ-ਜਿਵੇਂ ਮੁਹਿੰਮ ਵਧਦੀ ਜਾਵੇਗੀ, ਯੂਕੇ ਭਰ ਦੇ ਗੁਰਦੁਆਰਿਆਂ ਅਤੇ ਸਿੱਖ ਸੰਗਠਨਾਂ ਨੂੰ ਹੋਰ ਅਲਾਰਮ ਵੰਡੇ ਜਾਣਗੇ, ਅਤੇ ਇਹ ਯਕੀਨੀ ਬਣਾਉਣ ਲਈ ਹੋਰ ਸੈਮੀਨਾਰ ਆਯੋਜਿਤ ਕੀਤੇ ਜਾਣਗੇ ਕਿ ਸਾਡੇ ਭਾਈਚਾਰੇ ਦੇ ਹਰ ਮੈਂਬਰ ਕੋਲ ਗਿਆਨ, ਸਹਾਇਤਾ ਅਤੇ ਸੁਰੱਖਿਆ ਤੱਕ ਪਹੁੰਚ ਹੋਵੇ। ਸੇਵਾ ਅਤੇ ਏਕਤਾ ਵਿੱਚ ਜੜ੍ਹਾਂ ਵਾਲੇ ਸਾਡੇ ਸਮੂਹਿਕ ਯਤਨ, ਦੇਸ਼ ਭਰ ਵਿੱਚ ਸਿੱਖਾਂ ਦੀ ਭਲਾਈ ਅਤੇ ਵਿਸ਼ਵਾਸ ਨੂੰ ਮਜ਼ਬੂਤ ਕਰ ਰਹੇ ਹਨ।

## 24 ਨਵੰਬਰ ਨੂੰ ਚਰਨ ਗੰਗਾ ਸਟੇਡੀਅਮ ਵਿੱਚ ਟੈਂਟ ਪੈਗਿੰਗ, ਢਾਲ ਤਲਵਾਰ, ਸਸ਼ਤਰ ਦਰਸ਼ਨ ਤੇ ਸਿਮਰਨ ਦਾ ਹੋਵੇਗਾ ਆਯੋਜਨ- ਹਰਜੋਤ ਸਿੰਘ ਬੈਂਸ

**ਸ੍ਰੀ ਅਨੰਦਪੁਰ ਸਾਹਿਬ 19 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਸ੍ਰ. ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ, ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਅਤੇ ਵਿਧਾਇਕ ਸ੍ਰੀ ਅਨੰਦਪੁਰ ਸਾਹਿਬ ਨੇ ਅੱਜ ਇੱਥੇ ਦੱਸਿਆ 24 ਨਵੰਬਰ ਨੂੰ ਚਰਨ ਗੰਗਾ ਸਟੇਡੀਅਮ, ਸ੍ਰੀ ਅਨੰਦਪੁਰ ਸਾਹਿਬ ਵਿਖੇ ਟੈਂਟ ਪੈਗਿੰਗ, ਢਾਲ ਤਲਵਾਰ, ਸਸ਼ਤਰ ਦਰਸ਼ਨ, ਸਿਮਰਨ ਤੇ ਤਲਵਾਰ ਫਿਊਜ਼ਨ ਇਵੈਂਟ ਵਿਸ਼ੇਸ਼ ਸਮਾਗਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਸਮਾਗਮ ਪੰਜਾਬ ਸਰਕਾਰ ਵੱਲੋਂ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮਾਂ ਮੌਕੇ ਕਰਵਾਏ ਜਾ ਰਹੇ ਹਨ, ਜਿਨ੍ਹਾਂ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਸਿੱਖ ਪਰੰਪਰਾ, ਲਾਸਾਨੀ ਬਹਾਦਰੀ ਅਤੇ ਸੇਵਾ-ਭਾਵਨਾ ਨਾਲ ਜੋੜਨਾ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਸਮਾਗਮਾਂ ਵਿੱਚ ਟੈਂਟ ਪੈਗਿੰਗ, ਢਾਲ-ਤਲਵਾਰ, ਸਸ਼ਤਰ ਦਰਸ਼ਨ, ਸਿਮਰਨ ਅਤੇ ਤਲਵਾਰ ਫਿਊਜ਼ਨ ਵਰਗੇ ਵਿਲੱਖਣ ਪ੍ਰਦਰਸ਼ਣ ਕੀਤੇ ਜਾਣਗੇ। ਇਹ ਪ੍ਰੋਗਰਾਮ ਖਾਲਸਾ ਪੰਥ ਦੀ ਬਹਾਦਰੀ ਅਤੇ ਸ਼ਸਤ੍ਰ-ਵਿਦਿਆ ਦੀ ਅਨੋਖੀ ਪਰੰਪਰਾ ਨੂੰ ਦਰਸਾਉਣ ਲਈ ਤਿਆਰ ਕੀਤਾ ਗਿਆ ਹੈ। ਸੰਗਤ ਨੂੰ ਇਨ੍ਹਾਂ ਸਮਾਗਮਾਂ ਰਾਹੀਂ ਨਾ ਸਿਰਫ਼ ਸਸ਼ਤਰ ਵਿੱਦਿਆਂ ਦੇ ਪ੍ਰਾਚੀਨ ਰੂਪ ਨਾਲ ਜਾਣੂ ਕਰਵਾਇਆ ਜਾਵੇਗਾ, ਬਲਕਿ ਉਹ ਇਸ ਦੀ ਆਧੁਨਿਕ ਪ੍ਰਸੰਗਿਕਤਾ ਅਤੇ ਸਿੱਖ ਮਰਯਾਦਾ ਵਿੱਚ ਇਸਦੇ ਮਹੱਤਵ ਬਾਰੇ ਵੀ ਜਾਣ ਸਕਣਗੇ। ਉਨ੍ਹਾਂ ਨੇ ਕਿਹਾ ਕਿ ਟੈਂਟ ਪੈਗਿੰਗ ਮੁਕਾਬਲੇ ਘੁੜਸਵਾਰੀ ਦੇ ਉਸ ਜੌਹਰ ਨੂੰ ਪ੍ਰਗਟਾਉਂਦੇ ਹਨ ਜੋ ਪੁਰਾਤਨ ਸਮਿਆਂ ਵਿੱਚ ਸਿੱਖ ਯੋਧਿਆਂ ਦੀ ਤਿਆਰੀ ਦਾ ਅਹਿਮ ਹਿੱਸਾ ਸੀ। ਢਾਲ-ਤਲਵਾਰ ਦੀ ਪ੍ਰਦਰਸ਼ਨੀ ਸਿੱਖ ਯੋਧਾ ਕਲਾ ਦੇ ਪ੍ਰਾਚੀਨ ਰੂਪ ਦੇ ਦਰਸ਼ਨ ਕਰਵਾਏਗੀ, ਜਿਸ ਵਿੱਚ ਬਲ, ਸੰਤੁਲਨ ਅਤੇ ਅਨੁਸ਼ਾਸਨ ਦਾ ਸੁਮੇਲ ਸੰਗਤ ਨੂੰ ਮੋਹ ਲਏਗਾ। ਇਸੇ ਤਰ੍ਹਾਂ, ਸਸ਼ਤਰ ਦਰਸ਼ਨ ਸਮਾਗਮ ਵਿੱਚ ਸੰਗਤ ਨੂੰ ਪਵਿੱਤਰ ਸਸ਼ਤਰਾਂ ਦੇ ਦਰਸ਼ਨ ਕਰਵਾਏ ਜਾਣਗੇ, ਜਿਨ੍ਹਾਂ ਦਾ ਸਿੱਖ ਧਰਮ ਵਿੱਚ ਮਹੱਤਵਪੂਰਨ 'ਤੇ ਵਿਸ਼ੇਸ਼ ਮਹੱਤਵ ਹੈ। ਕੈਬਨਿਟ ਮੰਤਰੀ ਬੈਂਸ ਨੇ ਦੱਸਿਆ ਕਿ ਸਿਮਰਨ ਸਮਾਗਮਾਂ ਦਾ ਰੂਹਾਨੀ ਪੱਖ ਹੋਵੇਗਾ, ਜਿਸ ਰਾਹੀਂ ਸੰਗਤ ਨੂੰ ਨਾਮ-ਅਭਿਆਸ, ਅੰਦਰੂਨੀ ਸ਼ਿਹਨਸ਼ੀਲਤਾ ਅਤੇ ਗੁਰੂ-ਸ਼ਬਦ ਨਾਲ ਜੁੜਨ ਦਾ ਮੌਕਾ ਮਿਲੇਗਾ। ਤਲਵਾਰ ਫਿਊਜ਼ਨ ਪ੍ਰੋਗਰਾਮ ਖ਼ਾਸ ਤੌਰ 'ਤੇ ਨੌਜਵਾਨਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਪਰੰਪਰਾਗਤ ਖਾਲਸਾਈ ਤਲਵਾਰ ਕਲਾ ਨੂੰ ਆਧੁਨਿਕ ਪ੍ਰਸਤੁਤੀਕਰਨ ਨਾਲ ਜੋੜਿਆ ਜਾਵੇਗਾ, ਤਾਂ ਜੋ ਪੁਰਾਤਨ ਕਲਾ ਨਵੀਂ ਪੀੜ੍ਹੀ ਲਈ ਹੋਰ ਵੀ ਪ੍ਰਭਾਵਸ਼ਾਲੀ ਬਣੇ। ਸ.ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਚਰਨ ਗੰਗਾ ਸਟੇਡੀਅਮ ਵਿੱਚ ਹੋ ਰਹੇ ਇਹ ਸਮਾਗਮ ਸੰਗਤ ਲਈ ਯਾਦਗਾਰੀ ਹੋਣਗੇ।

### ਬਿਮਾਰ ਬੱਚੇ ਲਈ ਬਾਬਾ ਖਜਾਨਾ ਸੇਵਾ ਸੁਸਾਇਟੀ ਵੱਲੋਂ ਵੱਡੀ ਸਹਾਇਤਾ

# 1.50 ਲੱਖ ਰੁਪਏ ਦਾ ਚੈੱਕ ਭੇਟ

**“ਗਰੀਬ ਦਾ ਮੂੰਹ ਗੁਰੂ ਦੀ ਗੋਲਕ” ਦੇ ਪਵਿੱਤਰ ਸੰਦੇਸ਼ ਨੂੰ ਅਮਲ ਵਿੱਚ ਲਿਆਉਂਦੇ ਹੋਏ ਸਮਾਜਸੇਵੀ ਅਤੇ ਪੰਥਕ ਆਗੂ ਭਾਈ ਕਪਤਾਨ ਸਿੰਘ ਯੂ.ਕੇ. ਨੇ ਇੱਕ ਬਿਮਾਰ ਬੱਚੇ ਦੇ ਇਲਾਜ ਲਈ 1 ਲੱਖ 50 ਹਜ਼ਾਰ ਰੁਪਏ ਦੀ ਮਹੱਤਵਪੂਰਨ ਸਹਾਇਤਾ ਕੀਤੀ**













ਭਾਈ ਕਪਤਾਨ ਸਿੰਘ (ਯੂ. ਕੇ.)

**ਧਿਆਨਪੁਰ, 19 ਨਵੰਬਰ (ਆਵਾਜ਼ਿ ਕੌਮ ਬਿਊਰੋ)-** “ਗਰੀਬ ਦਾ ਮੂੰਹ ਗੁਰੂ ਦੀ ਗੋਲਕ” ਦੇ ਪਵਿੱਤਰ ਸੰਦੇਸ਼ ਨੂੰ ਅਮਲ ਵਿੱਚ ਲਿਆਉਂਦੇ ਹੋਏ ਸਮਾਜਸੇਵੀ ਅਤੇ ਪੰਥਕ ਆਗੂ ਭਾਈ ਕਪਤਾਨ ਸਿੰਘ ਯੂ.ਕੇ. ਨੇ ਇੱਕ ਬਿਮਾਰ ਬੱਚੇ ਦੇ ਇਲਾਜ ਲਈ 1 ਲੱਖ 50 ਹਜ਼ਾਰ ਰੁਪਏ ਦੀ ਮਹੱਤਵਪੂਰਨ ਸਹਾਇਤਾ ਕੀਤੀ ਹੈ। ਮਿਲੀ ਜਾਣਕਾਰੀ ਮੁਤਾਬਕ, ਗਿਆਨੀ ਸਕੂਲ ਧਿਆਨਪੁਰ ਵਿੱਚ ਲੰਮੇ ਸਮੇਂ ਤੋਂ ਕਲਰਕ ਦੀ ਜ਼ਿੰਮੇਵਾਰੀ ਨਿਭਾ ਰਹੇ ਸ੍ਰ ਬਾਵਾ ਸਿੰਘ ਦਾ ਪੋਤਰਾ ਕਿਡਨੀ ਦੀ ਗੰਭੀਰ ਬਿਮਾਰੀ ਨਾਲ ਪੀੜਤ ਹੈ। ਬੱਚੇ ਦੀ ਮਾਂ ਆਪਣੀ ਇੱਕ ਕਿਡਨੀ ਦਾਨ ਕਰਨ ਲਈ ਤਿਆਰ ਹੈ, ਪਰ ਘਰੇਲੂ ਮਾਲੀ ਹਾਲਤ ਕਮਜ਼ੋਰ ਹੋਣ ਕਰਕੇ ਪਰਿਵਾਰ ਇਲਾਜ ਦੇ ਭਾਰੀ ਖਰਚੇ ਨੂੰ ਪੂਰਾ ਕਰਨ ਵਿੱਚ ਅਸਮਰਥ ਸੀ। ਪਰਿਵਾਰ ਵੱਲੋਂ ਮੱਦਦ ਮੰਗਣ ‘ਤੇ ਭਾਈ ਕਪਤਾਨ ਸਿੰਘ ਯੂ.ਕੇ. ਨੇ ਤੁਰੰਤ ਸੰਵੇਦਨਸ਼ੀਲਤਾ ਦਿਖਾਉਂਦਿਆਂ ਆਪਣੇ ਸਹਿਯੋਗੀ ਸੱਜਣਾਂ ਨਾਲ ਮਿਲ ਕੇ ਬਾਬਾ ਖਜਾਨਾ ਸੇਵਾ ਸੁਸਾਇਟੀ ਰਾਹੀਂ 1.50 ਲੱਖ ਰੁਪਏ ਦਾ ਚੈੱਕ ਸ੍ਰ ਬਾਵਾ ਸਿੰਘ ਨੂੰ ਭੇਟ ਕੀਤਾ। ਸ੍ਰ ਬਾਵਾ ਸਿੰਘ ਨੇ ਸਾਰੇ ਦਾਨੀਆਂ ਅਤੇ ਸਹਿਯੋਗੀਆਂ ਦਾ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਭਾਈ ਕਪਤਾਨ ਸਿੰਘ ਨੇ ਕਿਹਾ ਕਿ ਮਨੁੱਖਤਾ ਦੀ ਸੇਵਾ ਹੀ ਰੱਬ ਦੀ ਅਸਲੀ ਸੇਵਾ ਹੈ ਅਤੇ ਜ਼ਰੂਰਤਮੰਦ ਦੀ ਮਦਦ ਕਰਕੇ ਮਨੁੱਖ ਨੂੰ ਆਤਮਕ ਸਕੂਨ ਮਿਲਦਾ ਹੈ। ਉਨ੍ਹਾਂ ਨੇ ਇਸ ਸੇਵਾ ਵਿੱਚ ਸਹਿਯੋਗ ਕਰਨ ਵਾਲੇ ਸਾਰੇ ਸੱਜਣਾਂ ਤੇ ਮਿੱਤਰਾਂ ਦਾ ਖ਼ਾਸ ਧੰਨਵਾਦ ਕੀਤਾ ਅਤੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਪ੍ਰਭੂ ਸਭ ਨੂੰ ਤੰਦਰੁਸਤੀ ਅਤੇ ਚੜ੍ਹਦੀ ਕਲਾ ਬਖ਼ਸ਼ੇ। ••

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243





# SAROA DENTAL CLINIC & IMPLANT CENTRE

**A Multispeciality Dental Clinic...**

- DENTAL CHECKUP
- CLEANING
- ROOT CANALS
- PREVENTIVE CARE

**LATEST FACILITIES AVAILABLE :**

**Dental Implants**
**Dental Laset**
**Tooth Coloured Braces**
**Digital IOPA x-ray**
**Digital OPG x-ray**

## DR. KAMALJIT SAROA

**B.D.S., Dental Surgeon**
**Moti Nagar, Near Railway Crossing, Maqsudan**
**Jalandhar-144 008**

**Contact :**

**98150-83338**
**70879-59639**




ਮੈਂ ਖ਼ੁਦ ਆਪਣਾ ਇਲਾਜ ਆਪਣੀ ਇੰਡੀਆ ਵਿਜਿਟ ਦੌਰਾਨ ਇੱਥੋਂ ਕਰਵਾਇਆ ਹੈ ਅਤੇ ਮੈਂ ਸਮੂਹ ਐਨ. ਆਰ. ਆਈਜ਼ ਅਤੇ ਲੋਕਲ ਵਸਨੀਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰੋਆ ਡੈਂਟਲ ਕਲੀਨਿਕ ਅਤੇ ਇੰਪਲਾਂਟ ਸੈਂਟਰ ਵੱਲੋਂ ਬਹੁਤ ਹੀ ਵਧੀਆ ਅਤੇ ਵਾਜਬ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਇਸੇ ਕਾਰਨ ਮੈਂ ਅਪੀਲ ਕਰਦਾ ਹਾਂ ਕਿ ਜੇਕਰ ਕਿਸੇ ਨੂੰ ਵੀ, ਕਿਸੇ ਵੀ ਤਰ੍ਹਾਂ ਦੀ ਦੰਦਾਂ ਨਾਲ ਸੰਬੰਧਤ ਕੋਈ ਤਕਲੀਫ਼ ਹੈ ਤਾਂ ਇੱਕ ਵਾਰ ਇੱਥੇ ਜ਼ਰੂਰ ਵਿਜ਼ਿਟ ਕਰੋ।

-ਰਘਵੀਰ ਸਿੰਘ ਵਾਲਸਾਲ, ਮੁੱਖ ਸੰਪਾਦਕ 'ਆਵਾਜ਼ਿ ਕੌਮ, ਯੂ. ਕੇ.'

ਆਵਾਜ਼ਿ ਕੌਮ AWAZE QAUM

26 ਨਵੰਬਰ 2025 ਨੂੰ ਰਾਜ/ਜ਼ਿਲ੍ਹਾ ਕੇਂਦਰਾਂ 'ਤੇ

# ਕਿਸਾਨਾਂ ਅਤੇ ਮਜ਼ਦੂਰਾਂ ਦੇ ਹੋਣਗੇ ਵਿਸ਼ਾਲ ਵਿਰੋਧ ਪ੍ਰਦਰਸ਼ਨ: ਐਸਕੇਐਮ



**ਨਵੀਂ ਦਿੱਲੀ 19 ਨਵੰਬਰ (ਮਨਪ੍ਰੀਤ ਸਿੰਘ ਖਾਲਸਾ)**:-26 ਨਵੰਬਰ 2025 ਦਿੱਲੀ ਦੀਆਂ ਸਰਹੱਦਾਂ 'ਤੇ ਇਤਿਹਾਸਕ ਕਿਸਾਨ ਸੰਘਰਸ਼ ਦੀ ਸ਼ੁਰੂਆਤ ਦਾ 5ਵਾਂ ਸਾਲ ਹੈ, ਜਿਸਨੂੰ ਸੰਯੁਕਤ ਟਰੇਡ ਯੂਨੀਅਨ ਅੰਦੋਲਨ ਦਾ ਸਰਗਰਮ ਸਮਰਥਨ ਪ੍ਰਾਪਤ ਹੈ। 736 ਸ਼ਹੀਦਾਂ ਦੀਆਂ ਜਾਨਾਂ ਕੁਰਬਾਨ ਕਰਦੇ ਹੋਏ, 380 ਦਿਨਾਂ ਦੇ ਲੰਬੇ ਸੰਘਰਸ਼ ਨੇ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਕੇਂਦਰ ਸਰਕਾਰ ਨੂੰ ਤਿੰਨ ਕਾਰਪੋਰੇਟ-ਪੱਖੀ ਅਤੇ ਲੋਕ-ਵਿਰੋਧੀ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਮਜਬੂਰ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

ਭਾਵੇਂ ਪੰਜ ਸਾਲ ਬੀਤ ਗਏ ਹਨ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹੁਣੇ ਹੀ ਇੱਕ ਕਮੇਟੀ ਬਣਾਈ ਹੈ, ਪਰ 9 ਦਸੰਬਰ 2021 ਨੂੰ ਐਸਕੇਐਮ ਨੂੰ ਦਿੱਤੇ ਗਏ ਐਮਐਸਪੀ @ਸੀ 2+50%, ਕਰਜ਼ਾ ਰਾਹਤ ਅਤੇ ਬਿਜਲੀ ਦੇ ਨਿੱਜੀਕਰਨ ਬਾਰੇ ਲਿਖਤੀ ਭਰੋਸੇ ਨੂੰ ਅਜੇ ਤੱਕ ਲਾਗੂ ਨਹੀਂ ਕੀਤਾ ਹੈ। ਭਾਰਤ ਦੇ ਕਿਸਾਨ ਲਗਭਗ ਪੂਰੀ ਤਰ੍ਹਾਂ ਤਬਾਹੀ ਦਾ ਸਾਹਮਣਾ ਕਰ ਰਹੇ ਹਨ ਕਿਉਂਕਿ ਝੋਨੇ ਦੀ 1400 ਰੁਪਏ/ਕੁਆਇੰਟ (2369 ਰੁਪਏ/ਕੁਆਇੰਟ), ਕਪਾਹ 6000 ਰੁਪਏ/ਕੁਆਇੰਟ (7761 ਰੁਪਏ/ਕੁਆਇੰਟ) ਅਤੇ ਮੱਕੀ ਦੀ 1800 ਰੁਪਏ/ਕੁਆਇੰਟ (2400 ਰੁਪਏ/ਕੁਆਇੰਟ) ਦੀ ਵਿਕਰੀ ਹੋ ਰਹੀ ਹੈ। (ਕੇਂਦਰੀ ਕੈਬਨਿਟ ਦੁਆਰਾ ਮਨਜ਼ੂਰ ਕੀਤੀ ਗਈ ਕੀਮਤ ਐਸਐਸਪੀ @ ਏ 2+ਐਫਐਲ +50% ਦਰ ਹੈ) ਸੀ 2+50% ਦੇ ਅਨੁਸਾਰ ਝੋਨੇ ਦਾ ਐਸਐਸਪੀ 3012 ਰੁਪਏ/ਕੁਆਇੰਟ ਹੈ। ਮੋਦੀ ਸਰਕਾਰ ਨੇ ਪਿਛਲੇ 11 ਸਾਲਾਂ ਵਿੱਚ 16.41 ਲੱਖ ਕਰੋੜ ਰੁਪਏ ਦਾ ਕਾਰਪੋਰੇਟ ਕਰਜ਼ਾ ਮੁਆਫ਼ ਕੀਤਾ ਹੈ ਪਰ ਕਿਸਾਨਾਂ ਨੂੰ ਕਰਜ਼ਾ ਮੁਆਫ਼ੀ ਦਾ ਇੱਕ ਵੀ ਰੁਪਿਆ ਨਹੀਂ ਦਿੱਤਾ ਹੈ।

ਇਸ ਪੂਰੇ ਸਮੇਂ ਦੌਰਾਨ, ਐਸਕੇਐਮ ਨੇ ਸੁਤੰਤਰ ਤੌਰ 'ਤੇ ਅਤੇ ਕੇਂਦਰੀ ਟਰੇਡ ਯੂਨੀਅਨਾਂ ਦੇ ਸਾਂਝੇ ਪਲੇਟਫਾਰਮ, ਮਜ਼ਦੂਰਾਂ ਅਤੇ ਖੇਤੀਬਾੜੀ ਕਾਮਿਆਂ ਦੀਆਂ ਹੋਰ ਯੂਨੀਅਨਾਂ ਦੇ ਤਾਲਮੇਲ ਨਾਲ ਲਗਾਤਾਰ ਮੁਹਿੰਮਾਂ ਅਤੇ ਵਿਰੋਧ ਪ੍ਰਦਰਸ਼ਨਾਂ ਦਾ ਆਯੋਜਨ ਕੀਤਾ। 26 ਨਵੰਬਰ 2025 ਨੂੰ, ਐਸਕੇਐਮ ਅਤੇ ਸੀਟੂ ਰਾਜ/ਜ਼ਿਲ੍ਹਾ ਪੱਧਰ 'ਤੇ ਵਿਸ਼ਾਲ ਪ੍ਰਦਰਸ਼ਨਾਂ ਦਾ ਆਯੋਜਨ ਕਰਨਗੇ। ਕਿਸਾਨਾਂ ਅਤੇ ਮਜ਼ਦੂਰਾਂ ਨੂੰ ਸਮੂਹਿਕ ਪੱਧਰ ਤੱਕ ਏਕਤਾ ਵਧਾਉਣ, ਖੇਤੀਬਾੜੀ ਉਪਜ ਦੀ ਦੁਖਦਾਈ ਵਿਕਰੀ, ਪ੍ਰੀ-ਪੇਡ ਸਮਾਰਟ ਮੀਟਰ, ਸਹੀ ਮੁਆਵਜ਼ੇ ਤੋਂ ਬਿਨਾਂ ਅੰਨ੍ਹੇਵਾਹ ਜ਼ਮੀਨ ਪ੍ਰਾਪਤੀ, ਖਾਦਾਂ ਦੀ ਘਾਟ ਅਤੇ ਕਾਲਾਬਾਜ਼ਾਰੀ, ਕੁਦਰਤੀ ਆਫ਼ਤਾਂ ਦੇ ਪੀੜਤਾਂ ਲਈ ਕੋਈ ਮੁਆਵਜ਼ਾ ਨਹੀਂ, ਜੰਗਲੀ ਜਾਨਵਰਾਂ ਦੇ ਖਤਰੇ ਤੋਂ ਜੀਵਨ ਅਤੇ ਫਸਲਾਂ ਦੀ ਸੁਰੱਖਿਆ ਨਾ ਹੋਣ ਆਦਿ 'ਤੇ ਸਥਾਨਕ ਸੰਘਰਸ਼ਾਂ ਨੂੰ ਐਸਐਸਪੀ ਅਤੇ ਕਰਜ਼ਾ ਮੁਆਫੀ, ਬਿਜਲੀ ਦੇ ਨਿੱਜੀਕਰਨ ਵਿਰੁੱਧ ਅਤੇ ਕਿਰਤ ਕੋਡਾਂ ਨੂੰ ਰੱਦ ਕਰਨ ਦੀਆਂ ਨੀਤੀਗਤ ਮੰਗਾਂ ਨਾਲ ਜੋੜਨ ਦਾ ਸੱਦਾ ਦਿੰਦਾ ਹੈ।

ਐਸਕੇਐਮ ਭਾਰਤ ਦੀ ਬੀਜ ਪ੍ਰਭੂਸੱਤਾ ਨੂੰ ਸਮਰਪਣ ਕਰਨ ਵਾਲੇ ਅਤੇ ਕਾਰਪੋਰੇਟ ਏਕਾਧਿਕਾਰੀਆਂ ਦੁਆਰਾ ਸ਼ਿਕਾਰੀ ਕੀਮਤਾਂ ਨੂੰ ਰੱਦ ਕਰਨ ਵਾਲੇ ਬੀਜ ਬਿੱਲ ਦੇ ਖਰੜੇ ਨੂੰ ਵਾਪਸ ਲੈਣ ਦੀ ਜ਼ੋਰਦਾਰ ਮੰਗ ਕਰਦਾ ਹੈ। ਐਸਕੇਐਮ 24 ਤੋਂ 29 ਨਵੰਬਰ ਤੱਕ ਲੀਮਾ, ਪੇਰੂ ਵਿੱਚ ਖੁਰਾਕ ਅਤੇ ਖੇਤੀਬਾੜੀ ਲਈ ਪੌਦਾ ਜੈਨੇਟਿਕ ਸਰੋਤਾਂ 'ਤੇ ਅੰਤਰਰਾਸ਼ਟਰੀ ਸੰਧੀ 'ਤੇ ਹੋਣ ਵਾਲੇ ਸੰਮੇਲਨ ਵਿੱਚ ਨੁਕਸਾਨਦੇਹ ਧਾਰਾਵਾਂ ਨੂੰ ਸਵੀਕਾਰ ਕਰਨ ਵਿਰੁੱਧ ਚੇਤਾਵਨੀ ਦਿੰਦਾ ਹੈ। ਮਜ਼ਬੂਤ ਭਾਰਤ ਲਈ ਮਜ਼ਬੂਤ ਰਾਜ ਦੇ ਨਾਅਰੇ ਨਾਲ, ਐਸਕੇਐਮ ਰਾਜਾਂ ਦੇ ਸੰਘੀ ਅਧਿਕਾਰਾਂ ਦੀ ਰਾਖੀ ਲਈ ਪੂਰੇ ਭਾਰਤ ਵਿੱਚ ਸੰਘਰਸ਼ ਸ਼ੁਰੂ ਕਰੇਗਾ, ਜਿਸ ਵਿੱਚ ਵੰਡਣ ਵਾਲੇ ਪੂਲ (ਸੈੱਸ ਅਤੇ ਸਰਚਾਰਜ ਸਮੇਤ) ਵਿੱਚ ਰਾਜ ਦੀ ਹਿੱਸੇਦਾਰੀ ਨੂੰ ਮੌਜੂਦਾ 31% ਤੋਂ ਵਧਾ ਕੇ 60% ਕਰਨ ਅਤੇ ਰਾਜਾਂ ਦੀ ਟੈਕਸ ਸ਼ਕਤੀ ਨੂੰ ਬਹਾਲ ਕਰਨ ਲਈ ਜੀਐਸਟੀ ਐਕਟ ਵਿੱਚ ਸੋਧ ਕਰਨ ਦੀ ਮੰਗ ਕੀਤੀ ਜਾਵੇਗੀ। ਖੇਤੀਬਾੜੀ ਨੂੰ ਆਧੁਨਿਕ ਬਣਾਉਣ, ਖੇਤੀਬਾੜੀ ਉਦਯੋਗਾਂ ਦਾ ਨਿਰਮਾਣ ਕਰਨ ਅਤੇ ਸਾਰੀਆਂ ਫਸਲਾਂ 'ਤੇ ਪ੍ਰੋਸੈਸਿੰਗ, ਮੁੱਲ ਵਾਧਾ ਅਤੇ ਵਪਾਰ ਤੋਂ ਵਾਧੂ ਹਿੱਸਾ ਸਾਂਝਾ ਕਰਨ ਲਈ ਜਨਤਕ ਨਿਵੇਸ਼ ਨੂੰ ਵਧਾ ਕੇ ਐਸਐਸਪੀ ਅਤੇ ਘੱਟੋ-ਘੱਟ ਉਜਰਤ ਨੂੰ ਪ੍ਰਾਪਤ ਕਰਨ ਲਈ ਰਾਜਾਂ ਦੀ ਵਿੱਤੀ ਖੁਦਮੁਖਤਿਆਰੀ ਜ਼ਰੂਰੀ ਹੈ, ਇਸ ਤਰ੍ਹਾਂ ਖੇਤੀਬਾੜੀ ਸੰਕਟ, ਕਿਸਾਨ ਖੁਦਕੁਸ਼ੀਆਂ ਅਤੇ ਸੰਕਟਕਾਲੀਨ ਪ੍ਰਵਾਸ ਨੂੰ ਖਤਮ ਕੀਤਾ ਜਾ ਸਕਦਾ ਹੈ। ਐਸਕੇਐਮ ਮੰਨਦਾ ਹੈ ਕਿ ਭਾਜਪਾ-ਐਨਡੀਏ ਸ਼ਾਸਨ ਅਧੀਨ ਲੋਕਤੰਤਰ ਇੱਕ ਖ਼ਤਰਨਾਕ ਸਥਿਤੀ ਦਾ ਸਾਹਮਣਾ ਕਰ ਰਿਹਾ ਹੈ। ਇਸ ਲਈ ਇਹ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਅਪੀਲ ਕਰਦਾ ਹੈ ਕਿ ਉਹ ਚੋਣ ਕਮਿਸ਼ਨ ਵਿੱਚ ਜਨਤਾ ਦਾ ਵਿਸ਼ਵਾਸ ਬਹਾਲ ਕਰਨ ਲਈ ਚੋਣ ਪੈਨਲ ਵਿੱਚ ਗ੍ਰਹਿ ਮੰਤਰੀ ਦੀ ਥਾਂ ਭਾਰਤ ਦੇ ਚੀਫ ਜਸਟਿਸ ਨੂੰ ਨਿਯੁਕਤ ਕਰਨ ਦੀ ਜ਼ੋਰਦਾਰ ਮੰਗ ਕਰਨ, ਚੋਣ ਪ੍ਰਕਿਰਿਆ ਵਿੱਚ ਪੈਸੇ ਅਤੇ ਤਾਕਤ ਨੂੰ ਖਤਮ ਕਰਨ ਲਈ ਇੱਕ ਕਾਨੂੰਨ ਬਣਾਉਣ, ਚੋਣ ਮੁਹਿੰਮ ਲਈ ਜਨਤਕ ਫੰਡ ਅਲਾਟ ਕਰਨ ਅਤੇ ਪਾਰਦਰਸ਼ੀ ਚੋਣ ਪ੍ਰਕਿਰਿਆ ਨੂੰ ਯਕੀਨੀ ਬਣਾਉਣ। ਮਹਾਰਾਸ਼ਟਰ ਦੇ ਯੂਏਪੀਏ, ਪਬਲਿਕ ਸੇਫਟੀ ਐਕਟ ਵਰਗੇ ਤਾਨਾਸ਼ਾਹੀ ਕਾਨੂੰਨਾਂ ਨੂੰ ਤੁਰੰਤ ਰੱਦ ਕਰੋ ਅਤੇ ਲੋਕਾਂ ਨੂੰ ਬਿਨਾਂ ਕਿਸੇ ਚਾਰਜਸ਼ੀਟ ਅਤੇ ਮੁਕੱਦਮਿਆਂ ਦੇ ਸਾਲਾਂ ਲਈ ਜੇਲ੍ਹ ਵਿੱਚ ਪਾਉਣਾ ਬੰਦ ਕਰੋ। ਨਵੇਂ ਦੰਡ ਸੰਹਿਤਾਵਾਂ ਵਿੱਚ ਸੋਧ ਕਰੋ ਜੋ ਰਾਜ ਅਤੇ ਪੁਲਿਸ ਨੂੰ ਵਧੀਆਂ ਸ਼ਕਤੀਆਂ ਦਿੰਦੇ ਹਨ, ਨਾਗਰਿਕ ਆਜ਼ਾਦੀਆਂ ਨੂੰ ਸੀਮਤ ਕਰਦੇ ਹਨ, ਬੋਲਣ ਦੀ ਆਜ਼ਾਦੀ ਅਤੇ ਜਾਇਜ਼ ਰਾਜਨੀਤਿਕ ਅਸਹਿਮਤੀ ਨੂੰ ਦਬਾਉਂਦੇ ਹਨ। ਭਾਜਪਾ ਅਤੇ ਐਨਡੀਏ ਖੇਤੀਬਾੜੀ ਅਤੇ ਸਮੁੱਚੀ ਆਰਥਿਕਤਾ 'ਤੇ ਕਾਰਪੋਰੇਟ ਕਬਜ਼ੇ ਦੀ ਸਹੂਲਤ ਦੇਣ ਦੇ ਉਦੇਸ਼ ਨਾਲ ਨਾਗਰਿਕਾਂ ਵਿੱਚ ਫਿਰਕੂ ਅਤੇ ਜਾਤੀ ਵੰਡ ਅਤੇ ਦੁਸ਼ਮਣੀ ਨੂੰ ਕਾਇਮ ਰੱਖਣ 'ਤੇ ਤੁਲੇ ਹੋਏ ਹਨ। ਐਸਕੇਐਮ ਨਿਆਂਪਾਲਿਕਾ ਅਤੇ ਨੌਕਰਸ਼ਾਹੀ ਸਮੇਤ ਸ਼ਾਸਨ ਦੇ ਸਾਰੇ ਅਦਾਰਿਆਂ ਨੂੰ ਫਿਰਕੂ ਪ੍ਰਭਾਵ ਤੋਂ ਮੁਕਤ ਕਰਨ ਅਤੇ ਮਿਹਨਤਕਸ਼ ਲੋਕਾਂ ਦੀ ਏਕਤਾ ਲਈ ਜ਼ਰੂਰੀ ਲੋਕਾਂ ਦੀ ਵਿਭਿੰਨਤਾ ਵਿੱਚ ਏਕਤਾ ਦੀ ਰੱਖਿਆ ਕਰਨ ਦੀ ਮੰਗ ਕਰਦਾ ਹੈ। ਐਸਕੇਐਮ ਧਰਮ ਨਿਰਪੱਖ ਏਕਤਾ, ਖਾਸ ਕਰਕੇ ਹਿੰਦੂ-ਮੁਸਲਿਮ ਏਕਤਾ ਦੀ ਰੱਖਿਆ ਲਈ ਇੱਕ ਸਰਗਰਮ ਲੋਕ ਲਹਿਰ ਲਈ ਸਰਗਰਮੀ ਨਾਲ ਯਤਨਸ਼ੀਲ ਰਹੇਗਾ। ਐਸਕੇਐਮ 26 ਨਵੰਬਰ ਦੇ ਵਿਰੋਧ ਪ੍ਰਦਰਸ਼ਨ ਦਾ ਸਮਰਥਨ ਕਰਨ ਲਈ ਮੀਟਿੰਗਾਂ, ਸੰਮੇਲਨਾਂ, ਪਦਯਾਤਰਾਵਾਂ, ਸਾਈਕਲ ਯਾਤਰਾਵਾਂ, ਪਿੰਡ ਪੱਧਰੀ ਜਨਰਲ ਬਾਡੀਜ਼, ਪਰਚੇ ਵੰਡਣ, ਘਰ-ਘਰ ਮੁਹਿੰਮਾਂ ਦਾ ਆਯੋਜਨ ਕਰੇਗਾ। ਇਹ ਜਨਤਕ ਕਾਰਵਾਈ ਤਾਨਾਸ਼ਾਹੀ, ਕਾਰਪੋਰੇਟ-ਪੱਖੀ, ਫਿਰਕੂ ਨੀਤੀਆਂ ਦਾ ਸਾਹਮਣਾ ਕਰਨ ਅਤੇ ਬੁਨਿਆਦੀ ਮੰਗਾਂ ਨੂੰ ਜਿੱਤਣ ਲਈ ਇੱਕ ਲੰਮਾ, ਵਿਸ਼ਾਲ ਪੈਨ-ਇੰਡੀਆ ਸੰਘਰਸ਼ ਸ਼ੁਰੂ ਕਰੇਗੀ।

# ਨਵੀਨ ਅਰੋੜਾ ਕਤਲ ਮਾਮਲੇ ਵਿਚ ਪੁਲਿਸ ਨੇ ਦੋ ਮੁਲਜ਼ਮ ਕੀਤੇ ਕਾਬੂ

ਫ਼ਿਰੋਜ਼ਪੁਰ, 19 ਨਵੰਬਰ (ਮਨੋਹਰ ਲਾਲ) :— ਰਾਹ ਜਾਂਦੇ ਆਰ.ਐਸ.ਐਸ ਆਗੂ ਦੇ ਪੋਤਰੇ ਨੂੰ ਮੌਤ ਦੇ ਘਾਟ ਉਤਾਰਨ ਦੋ ਮੁਲਜ਼ਮਾਂ ਹਰਸ਼ ਪੁੱਤਰ ਸੁੰਦਰ ਅਤੇ ਕਨਵ ਪੁੱਤਰ ਇੰਦਰ ਵਾਸੀਆਨ ਬਸਤੀ ਭਟੀਆਂ ਵਾਲੀ ਫ਼ਿਰੋਜ਼ਪੁਰ ਸ਼ਹਿਰ ਨੂੰ ਫ਼ਿਰੋਜ਼ਪੁਰ ਪੁਲਿਸ ਨੇ ਕਾਬੂ ਕਰਨ ਦਾ ਕੀਤਾ ਦਾਅਵਾ। ਸ਼ਰੇ ਬਜ਼ਾਰ ਵਿਚ ਇਕ ਨੌਜਵਾਨ ਨੂੰ ਖੜ੍ਹੇ ਦਿਨ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰਨ ਵਾਲੇ ਬਾਕੀ ਮੁਲਜ਼ਮਾਂ ਦੀ ਜਲਦ ਗ੍ਰਿਫਤਾਰੀ ਦਾ ਦਾਅਵਾ ਕਰਦਿਆਂ ਸੀਨੀਅਰ ਕਪਤਾਨ ਪੁਲਿਸ ਫ਼ਿਰੋਜ਼ਪੁਰ ਸ੍ਰੀ ਭੁਪਿੰਦਰ ਸਿੰਘ ਨੇ ਦੱਸਿਆ ਕਿ ਉਕਤ ਮੁਲਜ਼ਮਾਂ ਨੇ ਮਿਤੀ 13 ਨਵੰਬਰ ਨੂੰ ਕਨਵ ਦੇ ਜਨਮਦਿਨ ਵਾਲੇ ਦਿਨ ਉਸ ਦੇ ਘਰ ਵਿਚ ਬੈਠ ਕੇ ਸਾਰੀ ਪਲਾਨਿੰਗ ਬਣਾਈ ਸੀ ਅਤੇ ਇਸ ਸਬੰਧੀ ਰੈਕੀ ਵੀ ਕੀਤੀ ਗਈ ਸੀ। ਨਵੀਨ ਅਰੋੜਾ ਕਤਲ ਮਾਮਲੇ ਦੀ ਹਰ ਪਹਿਲੂ ਤੋਂ ਜਾਂਚ ਕਰਨ ਦਾ ਦਾਅਵਾ ਕਰਦਿਆਂ ਐਸ.ਐਸ.ਪੀ ਫ਼ਿਰੋਜ਼ਪੁਰ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੀਆਂ 8 ਤੋਂ ਵੱਧ ਟੀਮਾਂ ਕੰਮ ਕਰ ਰਹੀਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਉਕਤ ਮੁਲਜ਼ਮਾਂ ਨੇ ਵਾਰਦਾਤ ਮੌਕੇ ਵਰਤਿਆ ਹਥਿਆਰ ਵੀ ਯੂ.ਪੀ ਤੋਂ ਲੈ ਕੇ ਆਂਦਾ ਸੀ ਅਤੇ ਜਤਿੰਨ ਕਾਲੀ ਵੱਲੋਂ ਹੀ ਨਵੀਨ ਅਰੋੜਾ ਨੂੰ ਮਾਰਣ ਦੀ ਜਿੱਦ ਕੀਤੀ ਜਾ ਰਹੀ ਸੀ, ਜਿਸ ਇਵਜ ਉਹ ਬਾਕੀ ਮੁਲਜ਼ਮਾਂ ਨੂੰ ਪੈਸੇ ਦੇਣ ਲਈ ਵੀ ਤਿਆਰ ਸੀ। ਉਨ੍ਹਾਂ ਸਪੱਸ਼ਟ ਕੀਤਾ ਕਿ 15 ਨਵੰਬਰ ਨੂੰ ਵੀ ਸਾਰੇ ਮੁਲਜ਼ਮ ਮੌਕਾ ਏ ਵਾਰਦਾਤ ਦੇ ਇਰਦ—ਗਿਰਦ ਸਨ, ਕਿਉਂਕਿ ਮੁਲਜ਼ਮ ਬਾਦਲ ਅਤੇ ਉਸ ਦੇ ਸਾਥੀ ਵਿਚੋਂ ਇਕ ਨੇ ਹੀ ਮ੍ਰਿਤਕ ਨਵੀਨ ਅਰੋੜਾ ਦੇ ਗੋਲੀ ਮਾਰੀ ਗਈ ਅਤੇ ਆਪਣੇ ਸਾਥੀ ਮੁਲਜ਼ਮਾਂ ਕਨਵ ਅਤੇ ਹਰਸ਼ ਦੀ ਮੱਦਦ ਨਾਲ ਮੌਕੇ ਤੋਂ ਫਰਾਰ ਹੋਣ ਵਿਚ ਕਾਮਯਾਬ ਹੋਏ। ਐਸ.ਐਸ.ਪੀ ਫ਼ਿਰੋਜ਼ਪੁਰ ਸ੍ਰੀ ਭੁਪਿੰਦਰ ਸਿੰਘ ਨੇ ਦੱਸਿਆ ਕਿ ਮੁਲਜ਼ਮ ਕਨਵ ਅਤੇ ਹਰਸ਼ ਨੂੰ ਵੱਖ—ਵੱਖ ਥਾਵਾਂ ਤੋਂ ਕਾਬੂ ਕਰ ਲਿਆ ਗਿਆ ਹੈ, ਜਿਨ੍ਹਾਂ ਤੋਂ ਮੋਬਾਇਲ ਬਰਾਮਦ ਕਰਕੇ ਹੋਰ ਪੁਛਗਿਛ ਕੀਤੀ ਜਾ ਰਹੀ ਹੈ ਤਾਂ ਜ਼ੋ ਇਸ ਕਤਲ ਨੂੰ ਅੰਜਾਮ ਦੇਣ ਪਿਛਲੇ ਕਾਰਣਾਂ ਦਾ ਪਤਾ ਲਗਾਇਆ ਜਾ ਸਕੇ।




ਆਵਾਜ਼ਿ ਕੌਮ AWAZE QAUM International Newspaper & WEB TV

# ਪੰਜਾਬ ਯੂਨੀਵਰਸਿਟੀ 'ਤੇ ਕਬਜ਼ਾ ਕਰਕੇ ਮਨੂੰ ਸਿਮ੍ਰਤੀ ਅਤੇ ਆਰ ਐਸ ਐਸ ਦਾ ਏਜੰਡਾ ਲਾਗੂ ਕਰਨਾ ਚਾਹੁੰਦੀ ਕੇਂਦਰ ਸਰਕਾਰ : ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ

## ਸੈਨੇਟ ਨੂੰ ਬਹਾਲ ਕਰਕੇ ਵਿਦਿਆਰਥੀਆਂ ਦੀਆਂ ਮੰਗਾਂ ਮੰਨੀਆਂ ਜਾਣ : ਪੰਥਕ ਆਗੂ



**ਅੰਮ੍ਰਿਤਸਰ, 19 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਸਾਬਕਾ ਪ੍ਰਧਾਨ ਜਥੇਦਾਰ ਭਾਈ ਬਲਵੰਤ ਸਿੰਘ ਗੋਪਾਲਾ, ਕੌਮੀ ਪ੍ਰਧਾਨ ਅਤੇ ਪੰਥਕ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਸੀਨੀਅਰ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ, ਖ਼ਾਲਸਾ ਫ਼ਤਹਿਨਾਮਾ ਦੇ ਸੰਪਾਦਕ ਭਾਈ ਰਣਜੀਤ ਸਿੰਘ, ਭਾਈ ਅੰਗਦ ਸਿੰਘ ਖ਼ਾਲਸਾ ਕਸ਼ਮੀਰ, ਭਾਈ ਮਨਪ੍ਰੀਤ ਸਿੰਘ ਖ਼ਾਲਸਾ, ਭਾਈ ਹਰਪ੍ਰੀਤ ਸਿੰਘ ਪੰਮਾ ਅਸਟਰੀਆ ਅਤੇ ਭਾਈ ਗੁਰਪ੍ਰੀਤ ਸਿੰਘ ਅਮਰੀਕਾ ਨੇ ਸਾਂਝੇ ਰੂਪ ਵਿੱਚ ਕਿਹਾ ਕਿ ਚੰਡੀਗੜ੍ਹ ਦੀ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਛੇੜੇ ਸੰਘਰਸ਼ ਦੀ ਅਸੀਂ ਹਮਾਇਤ ਕਰਦੇ ਹਾਂ, ਵਿਦਿਆਰਥੀਆਂ ਦਾ ਸੰਘਰਸ਼ ਆਪਣੇ ਹੱਕਾਂ ਲਈ ਬਿਲਕੁਲ ਜਾਇਜ਼ ਅਤੇ ਠੀਕ ਹੈ, ਚੰਡੀਗੜ੍ਹ ਵੀ ਪੰਜਾਬ ਦਾ ਹੈ ਅਤੇ ਇਹ ਯੂਨੀਵਰਸਿਟੀ ਵੀ ਪੰਜਾਬ ਦੀ ਹੈ ਇਸ ਉੱਤੇ ਕੇਂਦਰ ਦੀ ਭਾਜਪਾ ਸਰਕਾਰ ਦਾ ਕਬਜ਼ਾ ਅਸੀਂ ਰੱਤਾ ਵੀ ਬਰਦਾਸ਼ਤ ਨਹੀਂ ਕਰਾਂਗੇ। ਉਹਨਾਂ ਕਿਹਾ ਕਿ ਵਿਦਿਆਰਥੀਆਂ ਦੇ ਹੱਕਾਂ ਅਤੇ ਮੰਗਾਂ ਨੂੰ ਤੁਰੰਤ ਬਹਾਲ ਕੀਤਾ ਜਾਵੇ। ਉਹਨਾਂ ਕਿਹਾ ਕਿ ਪੁਲਿਸ ਅਤੇ ਸਰਕਾਰ ਨੇ ਜੋ ਵਿਦਿਆਰਥੀਆਂ ਦੇ ਨਾਲ ਵਤੀਰਾ ਕੀਤਾ ਉਹ ਜ਼ੁਲਮੀ ਸਰਕਾਰ ਦੀ ਬੁਖਲਾਹਟ ਹੈ। ਫੈਡਰੇਸ਼ਨ ਆਗੂਆਂ ਨੇ ਕਿਹਾ ਕਿ ਸੈਨੇਟ ਨੂੰ ਭੰਗ ਕਰਕੇ ਸਰਕਾਰ ਹੁਣ ਪੰਜਾਬੀ ਯੂਨੀਵਰਸਿਟੀ ਵਿੱਚ ਵੀ ਵਿੱਦਿਆ ਨੀਤੀ ਅਤੇ ਪ੍ਰਬੰਧ ਨੂੰ ਬਦਲ ਰਹੀ ਹੈ ਤੇ ਇੱਥੇ ਮਨੂੰ ਸਿਮਰਤੀ ਅਤੇ ਆਰ ਐਸ ਐਸ ਦੀ ਸੋਚ ਲਾਗੂ ਕਰਨਾ ਚਾਹੁੰਦੀ ਹੈ, ਇਹ ਵੀ ਸਰਕਾਰ ਦੇ ਇੱਕ ਸਾਜਿਸ਼ ਤਹਿਤ ਹਿੰਦੂ ਰਾਸ਼ਟਰ ਵੱਲ ਵੱਧਦੇ ਕਦਮ ਹਨ। ਉਹਨਾਂ ਕਿਹਾ ਕਿ ਪੰਜਾਬ ਦੇ ਅਦਾਰਿਆਂ ਤੇ ਸੰਸਥਾਵਾਂ ਨੂੰ ਸੂਬੇ ਕੋਲ ਹੀ ਰਹਿਣ ਦਿੱਤਾ ਜਾਵੇ, ਨਾ ਕਿ ਕੇਂਦਰ ਉਹਨਾਂ ਨੂੰ ਆਪਣੇ ਅਧੀਨ ਕਰਕੇ ਹੜੱਪ ਲਵੇ। ਉਹਨਾਂ ਕਿਹਾ ਕਿ 1947 ਤੋਂ ਬਾਅਦ ਕੇਂਦਰ ਸਰਕਾਰ ਨੇ ਪਹਿਲਾਂ ਸਾਨੂੰ ਜਰਾਇਮ ਪੇਸ਼ਾ ਕੌਮ ਐਲਾਨ ਦਿੱਤਾ, ਫਿਰ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਤੇ ਦਰਿਆਈ ਪਾਣੀ ਦਾ ਪ੍ਰਬੰਧ ਵੀ ਪੰਜਾਬ ਪਾਸੋਂ ਖੋਹ ਲਿਆ। ਫਿਰ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕਰ ਦਿੱਤਾ, ਨਵੰਬਰ 1984 ਵਿੱਚ ਸਿੱਖਾਂ ਦਾ ਕਤਲੇਆਮ ਕਰਾਇਆ, ਝੂਠੇ ਪੁਲਿਸ ਮੁਕਾਬਲੇ ਬਣਵਾਏ, ਨਸ਼ਿਆਂ ਰਾਹੀਂ ਸਾਡੀ ਨੌਜਵਾਨ ਦੀ ਨਸਲਕੁਸ਼ੀ ਕੀਤੀ ਜਾ ਰਹੀ, ਕਕਾਰਾਂ ਉੱਤੇ ਪਾਬੰਦੀਆਂ ਲੱਗ ਰਹੀਆਂ ਹਨ ਤੇ ਹੁਣ ਸਰਕਾਰ ਵੱਲੋਂ ਪੰਜਾਬੀ ਯੂਨੀਵਰਸਿਟੀ ਉੱਤੇ ਕਬਜ਼ਾ ਜਮਾ ਲੈਣਾ ਜੋ ਸਾਡੇ ਲਈ ਅਸਹਿ ਹੈ ਇਸ ਖਿਲਾਫ ਪੰਜਾਬ ਦੇ ਲੋਕ ਜਬਰਦਸਤ ਸੰਘਰਸ਼ ਕਰਨਗੇ। ਉਹਨਾਂ ਕਿਹਾ ਕਿ ਬਾਦਲਕੇ, ਕਾਂਗਰਸੀ ਅਤੇ ਝਾੜੂ ਪਾਰਟੀ ਵਾਲੇ ਇਸ ਮੁੱਦੇ ਉੱਤੇ ਸਿਰਫ ਸਿਆਸਤ ਕਰ ਰਹੇ ਹਨ ਤੇ ਉਹ ਕੇਂਦਰ ਸਰਕਾਰ ਨਾਲ ਇੱਕਮਿੱਕ ਹਨ ਜਦਕਿ ਯੂਨੀਵਰਸਿਟੀ ਨੂੰ ਬਚਾਉਣ ਲਈ ਅਸਲ ਸੰਘਰਸ਼ ਸਿਰਫ ਵਿਦਿਆਰਥੀਆਂ ਵੱਲੋਂ ਹੀ ਲੜਿਆ ਜਾ ਰਿਹਾ ਹੈ ਜਿਸਦਾ ਹਰੇਕ ਸੰਸਥਾ ਨੂੰ ਸਮਰਥਨ ਕਰਨ ਦੀ ਲੋੜ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਬੀ.ਐਸ.ਐਫ ਨੇ ਸਰਹੱਦੀ ਪਿੰਡ ਦੇ ਸਕੂਲ ਵਿਖੇ ਕਰਵਾਇਆ ਡਾਇਮੰਡ ਜੁਬਲੀ ਆਊਟਰੀਚ ਪ੍ਰੋਗਰਾਮ

ਫ਼ਿਰੋਜ਼ਪੁਰ, 19 ਨਵੰਬਰ (ਮਨੋਹਰ ਲਾਲ) :— ਸੀਮਾ ਸੁਰੱਖਿਆ ਬਲ (ਬੀਐਸਐਫ) ਨੇ ਆਪਣੀ ਦੇਸ਼ ਵਿਆਪੀ ਮੁਹਿੰਮ ਸੰਸਥਾਗਤ ਪਹੁੰਚ ਦੀ ਇੱਕ ਜਨ ਮੁਹਿੰਮ ਦੇ ਹਿੱਸੇ ਵਜੋਂ ਚੱਕ ਘੁਬਾਈ ਉਰਫ ਟਾਂਗਣ ਵਿਖੇ ਇੱਕ ਵਿਸ਼ੇਸ਼ ਆਊਟਰੀਚ ਪ੍ਰੋਗਰਾਮ ਆਯੋਜਿਤ ਕਰਕੇ ਆਪਣੀ ਡਾਇਮੰਡ ਜੁਬਲੀ ਮਨਾਈ। ਇਹ ਸਮਾਗਮ ਸਵੇਰੇ 10:30 ਵਜੇ ਤੋਂ ਦੁਪਹਿਰ 12:15 ਵਜੇ ਤੱਕ ਆਯੋਜਿਤ ਕੀਤਾ ਗਿਆ ਸੀ ਅਤੇ ਇਸ ਦਾ ਉਦੇਸ਼ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਰਾਸ਼ਟਰੀ ਸੁਰੱਖਿਆ ਵਿੱਚ ਬੀ.ਐਸ.ਐਫ ਦੀ ਮਹੱਤਵਪੂਰਨ ਭੂਮਿਕਾ ਬਾਰੇ ਜਾਗਰੂਕ ਕਰਨਾ ਸੀ। ਸੈਸ਼ਨ ਦੌਰਾਨ ਬੀ.ਐਸ.ਐਫ ਅਧਿਕਾਰੀਆਂ ਨੇ 1971 ਤੇ 1999 ਦੀਆਂ ਭਾਰਤ—ਪਾਕਿ ਜੰਗਾਂ ਅਤੇ ਆਪ੍ਰੇਸ਼ਨ ਸਿੰਦੂਰ ਸਮੇਤ ਮਹੱਤਵਪੂਰਨ ਰਾਸ਼ਟਰੀ ਕਾਰਜਾਂ ਦੌਰਾਨ ਫੋਰਸ ਦੇ ਸਮਰਪਣ, ਸੰਚਾਲਨ ਜ਼ਿੰਮੇਵਾਰੀਆਂ ਅਤੇ ਇਸ ਦੇ ਮੁੱਖ ਯੋਗਦਾਨਾਂ ਤੇ ਚਾਨਣਾ ਪਾਇਆ। ਪ੍ਰੋਗਰਾਮ ਵਿੱਚ ਜਾਣਕਾਰੀ ਭਰਪੂਰ ਭਾਸ਼ਣ, ਬੀ.ਐਸ.ਐਫ ਤੇ ਇੱਕ ਦਸਤਾਵੇਜ਼ੀ ਦੀ ਸਕ੍ਰੀਨਿੰਗ ਅਤੇ ਫੋਰਸ ਦੁਆਰਾ ਵਰਤੇ ਗਏ ਹਥਿਆਰਾਂ ਨੂੰ ਪ੍ਰਦਰਸ਼ਿਤ ਕਰਨ ਵਾਲੀ ਇੱਕ ਪ੍ਰਦਰਸ਼ਨੀ ਸ਼ਾਮਲ ਸੀ। ਇਸ ਸਮਾਗਮ ਵਿੱਚ 158 ਬਟਾਲੀਅਨ ਬੀ.ਐਸ.ਐਫ ਦੇ 2 ਆਈ.ਸੀ ਸ਼੍ਰੀ ਬੀ.ਐਨ. ਰਾਉਤ, ਡੀ ਕੋਏ ਦੇ ਕਾਰਜਕਾਰੀ ਕੰਪਨੀ ਕਮਾਂਡਰ ਇੰਸਪੈਕਟਰ ਕ੍ਰਿਸ਼ਨ ਚੰਦਰ ਤਿੰਨ ਐਸ.ਓਜ਼, ਜਿਨ੍ਹਾਂ ਵਿੱਚ ਇੰਸਪੈਕਟਰੇਜੀ ਅਨਿਲ ਕੁਮਾਰ ਠਾਕੁਰ ਅਤੇ 15 ਹੋਰ ਰੈਂਕ ਸ਼ਾਮਲ ਹਨ, ਦੇ ਨਾਲ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਨੌਂ ਅਧਿਆਪਕਾਂ ਅਤੇ ਲਗਭਗ 150 ਵਿਦਿਆਰਥੀਆਂ ਨੇ ਇੰਟਰਐਕਟਿਵ ਜਾਗਰੂਕਤਾ ਸੈਸ਼ਨ ਵਿੱਚ ਹਿੱਸਾ ਲਿਆ। ਬੀ.ਐਸ.ਐਫ ਅਧਿਕਾਰੀਆਂ ਨੇ ਵਿਦਿਆਰਥੀਆਂ ਅਤੇ ਸਟਾਫ ਨੂੰ ਸਰਹੱਦੀ ਪ੍ਰਬੰਧਨ, ਚੌਕਸੀ ਅਤੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਵਿੱਚ ਬੀ.ਐਸ.ਐਫ ਕਰਮਚਾਰੀਆਂ ਦੁਆਰਾ ਕੀਤੀਆਂ ਕੁਰਬਾਨੀਆਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਸਮਾਗਮਾਂ ਦੇ ਅੰਤ ਵਿਚ ਧੰਨਵਾਦ ਪ੍ਰਗਟ ਕਰਦੇ ਹੋਏ ਪ੍ਰਿੰਸੀਪਲ ਸ਼੍ਰੀਮਤੀ ਸ਼ਿਵਾਨੀ ਮੋਂਗਾ ਨੇ ਵਿਦਿਆਰਥੀਆਂ ਨੂੰ ਰਾਸ਼ਟਰੀ ਸੁਰੱਖਿਆ ਬਾਰੇ ਜਾਗਰੂਕ ਕਰਨ ਅਤੇ ਦੇਸ਼ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨ ਲਈ ਬੀ.ਐਸ.ਐਫ ਦਾ ਧੰਨਵਾਦ ਕੀਤਾ।



# ਭਾਈ ਮਨਦੀਪ ਸਿੰਘ ਦੀ ਹਾਰ ਲਈ ਬਾਦਲਕੇ ਜ਼ਿੰਮੇਵਾਰ



**ਗੁਰੂ ਪਿਆਰੇ ਖਾਲਸਾ ਜੀ** ਦੁਨੀਆਂ ਦੀ ਤਵਾਰੀਖ ਦੱਸਦੀ ਹੈ ਕਿ ਖਾਨਦਾਨੀ ਆਦਤਾਂ ਸੁਭਾਅ ਬਿਮਾਰੀਆਂ ਕੁਰਬਾਨੀਆਂ ਗਦਾਰੀਆਂ ਅਤੇ ਹੋਰ ਕਾਫੀ ਕੁੱਝ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਂ ਅੱਗੇ ਚੱਲਦਾ ਹੀ ਆਇਆ ਹੈ ਚੱਲ ਰਿਹਾ ਹੈ ਅਤੇ ਚੱਲਦਾ ਵੀ ਰਹੇਗਾ । ਜਿਸ ਤਰ੍ਹਾਂ ਬਾਦਲਾਂ ਦਾ ਮਜੀਠੀਆਂ ਦਾ ਕੈਪਟਨ ਹੋਰਾਂ ਦਾ ਇਤਿਹਾਸ ਹੀ ਗਦਾਰੀਆਂ ਭਰਿਆ ਹੈ । ਇਹ ਡੀ ਐਨ ਏ ਵਿੱਚ ਖੂਨ ਵਿੱਚ ਅੱਗੇ ਤੋਂ ਅੱਗੇ ਚੱਲ ਰਿਹਾ ਹੈ । ਸਤਿਗੁਰੂ ਜੀ ਦੀ ਕਿਰਪਾ ਹੋਈ ਕਿ ਤਰਨ ਤਾਰਨ ਸਾਹਿਬ ਜੀ ਦੀ ਜਿਮਨੀ ਚੋਣ ਸਮੇਂ ਸਾਰੀਆਂ ਪੰਥਕ ਧਿਰਾਂ ਇੱਕ ਮੰਚ ਉੱਪਰ ਇਕੱਠੀਆਂ ਹੋ ਗਈਆਂ । ਭਾਈ ਸੰਦੀਪ ਸਿੰਘ ਸਨੀ ਕੌਮੀ ਯੋਧੇ ਅਣਖੀ ਯੋਧੇ ਧਰਮੀ ਯੋਧੇ ਦੇ ਭਰਾਤਾ ਭਾਈ ਮਨਦੀਪ ਸਿੰਘ ਜੀ ਦੇ ਬਰਾਬਰ ਕਿਸੇ ਵੀ ਪੰਥਕ ਧਿਰ ਨੇ ਆਪਣਾ ਕੋਈ ਵੀ ਉਮੀਦਵਾਰ ਖੜ੍ਹਾ ਨਹੀਂ ਕੀਤਾ। ਲੇਕਿਨ ਗਦਾਰਾਂ ਨੇ ਤਾਂ ਖਾਨਦਾਨੀ ਆਦਤ ਅਤੇ ਸੁਭਾਅ ਮੁਤਾਬਿਕ ਗਦਾਰੀ ਕਰਨੀ ਹੀ ਸੀ ,ਏਸ ਕਰਕੇ ਬਾਦਲਾਂ ਗਦਾਰਾਂ ਨੇ ਆਪਣਾ ਵੱਖਰਾ ਉਮੀਦਵਾਰ ਖੜ੍ਹਾ ਕਰਕੇ ਇੱਕ ਵਾਰੀ ਫੇਰ ਕੌਮ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ । ਰਾਜਨੀਤਕ ਮਾਹਰ ਕਹਿੰਦੇ ਹਨ ਕਿ ਅਗਰ ਬਾਦਲ ਦਲ ਵੀ ਖਾਲਸਾ ਪੰਥ ਦੇ ਨਾਲ ਖੜ੍ਹਾ ਹੋ ਜਾਂਦਾ, ਆਪਣੀ ਉਮੀਦਵਾਰ ਬੀਬੀ ਨੂੰ ਖੜ੍ਹੀ ਨਾ ਕਰਦਾ ਤਾਂ ਭਾਈ ਮਨਦੀਪ ਸਿੰਘ ਜੀ ਦੀ ਅਤੇ ਖਾਲਸਾ ਪੰਥ ਜੀ ਦੀ ਸਿੱਖ ਕੌਮ ਜੀ ਦੀ ਜਿੱਤ ਪੱਕੀ ਸੀ । ਪਰ ਬਾਦਲਾਂ ਨੇ ਵਾਰਿਸ ਸ਼ਾਹ ਨੂੰ ਝੂਠਿਆਂ ਨਹੀਂ ਹੋਣ ਦਿੱਤਾ। ਵਾਰਿਸ ਸ਼ਾਹ ਦਾ ਇੱਕ ਅਖਾਣ ਬਹੁਤ ਮਸ਼ਹੂਰ ਹੈ ਕਿ ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ । ਬਾਕੀ ਸਾਡਾ ਖੁਦ ਦਾ ਇਹ ਵੀ ਮੰਨਣਾ ਹੈ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਨੇ ਇਹ ਪਹਿਲੀ ਚੋਣ ਲੜੀ ਹੈ ਅਤੇ ਭਾਈ ਮਨਦੀਪ ਸਿੰਘ ਜੀ ਰਾਜਨੀਤੀ ਵਿੱਚ ਬਿਲਕੁੱਲ ਜੀਰੋ ਮੀਟਰ ਹਨ ਅਤੇ ਫੇਰ ਵੀ ਵੀਹ ਹਜ਼ਾਰ ਪਲੱਸ ਵੋਟ ਮਿਲ ਜਾਣੀ ਅਤੇ ਉਹ ਵੀ ਬਿਨਾਂ ਸ਼ਰਾਬ ਵੰਡੇ ਤੋਂ ਬਿਨਾ ਅਫੀਮ ਡੋਡੇ ਚਿੱਟਾ ਸਮੈਕ ਅਤੇ ਪੈਸੇ ਵੰਡੇ ਤੋਂ ਬਿਨਾਂ ਪੁਲੀਸ ਪ੍ਰਸ਼ਾਸਨ ਦੀ ਵਰਤੋਂ ਕੀਤੇ ਤੋਂ , ਇਹ ਕੋਈ ਜਿੱਤ ਤੋਂ ਘੱਟ ਨਹੀਂ ਹੈ । ਬਾਕੀ ਮੌਕੇ ਦੀਆਂ ਸਰਕਾਰਾਂ ਕੋਲ ਪਾਵਰ ਹੁੰਦੀ ਹੈ ਉਹ ਪਾਵਰ ਦੁਆਰਾ ਸ਼ਕਤੀ ਦੁਆਰਾ ਸ਼ਾਮ ਦਾਮ ਦੰਡ ਭੇਦ ਦੀ ਵਰਤੋਂ ਕਰਕੇ ਬਹੁਤ ਕੁੱਝ ਕਰ ਸਕਦੀਆਂ ਹਨ ਅਤੇ ਕੀਤਾ ਵੀ ਹੈ । ਬਾਦਲਾਂ ਗਦਾਰਾਂ ਕਰਕੇ ਪੰਥਕ ਵੋਟ ਵੰਡੀ ਗਈ ਅਤੇ ਦੁਸ਼ਮਣ ਫਾਇਦਾ ਲੈ ਗਏ । ਚਲੋ ਖੈਰ ਜੰਗਾਂ ਵਿੱਚ ਜਿੱਤਣ ਹਾਰਨ ਬਣਿਆਂ ਹੀ ਹੋਇਆ ਹੈ । ਇਹ ਵੋਟਤੰਤਰ ਦਾ ਰਸਤਾ ਵੀ ਸਾਡੀ ਆਖਰੀ ਮੰਜਿਲ ਨਹੀਂ ਹੈ , ਪਰ ਅਸੀਂ ਪੰਥਕ ਰਾਜਨੀਤੀ ਨੂੰ ਵੀ ਪੰਜਾਬ ਵਿੱਚੋਂ ਮਰਨ ਨਹੀਂ ਦਿਆਂਗੇ । ਬਾਦਲਾਂ ਗਦਾਰਾਂ ਨੇ ਸੈਂਟਰ ਸਰਕਾਰਾਂ ਅੱਗੇ ਗੋਡੇ ਟੇਕ ਕੇ ਪੰਥਕ ਪਰੰਪਰਾਵਾਂ ਦਾ ਘਾਣ ਤਾਂ ਕੀਤਾ ਹੀ ਕੀਤਾ ਹੈ ਲੇਕਿਨ ਪੰਥਕ ਰਾਜਨੀਤੀ ਨੂੰ ਵੀ ਹਾਸ਼ੀਏ ਉੱਤੇ ਲੈ ਆਂਦਾ ਹੈ । ਅੱਜ ਭਾਈ ਅੰਮ੍ਰਿਤਪਾਲ ਸਿੰਘ ਜੀ ਦੀ ਪਾਰਟੀ ਦੇ ਹਾਰਨ ਦੀ ਖੁਸ਼ੀ ਵਿੱਚ ਅਖੌਤੀ ਸ਼ਿਵ ਸੈਨਿਕਾਂ ਨੇ ਕਹਿੰਦੇ ਹਨ ਕਿ ਭੰਗੜੇ ਵੀ ਪਾਏ ਹਨ ਅਤੇ ਲੱਡੂ ਨੀ ਵੰਡੇ ਹਨ । ਬਾਂਦਰ ਬਾਂਦਰ ਹੀ ਹੁੰਦੇ ਹਨ ਕੋਈ ਹਰਕਤ ਵੀ ਕਰ ਸਕਦੇ ਹਨ ਪਰ ਇਹ ਪਵੇਗੀ ਮਹਿੰਗੀ ਹੀ ਇਹਨਾਂ ਨੂੰ , ਪਹਿਲਾਂ ਵੀ ਕਈਆਂ ਨੂੰ ਮਹਿੰਗੀ ਪੈ ਚੁੱਕੀ ਹੈ । ਇਹਨਾਂ ਦਾ ਕੰਮ ਹੈ ਪੰਜਾਬ ਦੀ ਸਾਂਤੀ ਨੂੰ ਭੰਗ ਕਰਨਾ ਅਤੇ ਹਮੇਸ਼ਾਂ ਹੀ ਪੁੱਠੇ ਚੱਲਣਾ । ਜਦੋਂ ਕਿਤੇ ਫੇਰ ਜਾਗੋ ਵਾਲੇ ਆ ਜਾਣ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਲੁਧਿਆਣੇ ਵਾਂਗ ਫੇਰ ਚੀਕਾਂ ਮਾਰਦੇ ਹਨ ਕਿ ਪੰਜਾਬ ਮੇਂ ਹਿੰਦੂਆਂ ਕੋ ਖਤਰਾ ਹੈ । ਬਾਕੀ ਸਾਡੀ ਆਖਰੀ ਮੰਜ਼ਿਲ ਖਾਲਿਸਤਾਨ ਹੀ ਹੈ , ਉਸ ਲਈ ਸਾਨੂੰ ਜਿਹੜੀ ਵੀ ਲੜਾਈ ਲੜਨੀ ਪਈ ਲੜਾਂਗੇ। ਹਥਿਆਰਾਂ ਵੇਲੇ ਹਥਿਆਰਾਂ ਵਾਲੀ ਲੜਾਈ ਲੜੀ ਸੀ , ਵਿਚਾਰਾਂ ਵੇਲੇ ਕਲਮ ਚੱਲ ਰਹੀ ਹੈ ਵਾਹਿਗੁਰੂ ਜੀ ਦੀ ਕਿਰਪਾ ਨਾਲ, ਅੱਗੋਂ ਜਿਸ ਤਰ੍ਹਾਂ ਦਾ ਸਮਾਂ ਆਵੇਗਾ ਓਸ ਹਿਸਾਬ ਨਾਲ ਜੰਗ ਜਾਰੀ ਰਹੇਗੀ। ਬਾਦਲਾਂ ਨੂੰ ਵੋਟਾਂ ਪਾਉਣ ਵਾਲੇ ਸਿੱਖਾਂ ਨੂੰ ਆਪਣੀ ਪੀੜ੍ਹੀ ਥੱਲੇ ਸੋਟਾ ਜਰੂਰ ਮਾਰਨਾ ਚਾਹੀਦਾ



ਹੈ , ਲ਼ਿਖਣਾ ਤਾਂ ਮੈਂ ਕੁੱਝ ਹੋਰ ਹੀ ਸੀ ਪਰ ਫੇਰ ਬੀਬੀਆਂ ਭੈਣਾਂ ਵੀ ਖਬਰਾਂ ਪੜ੍ਹਦੀਆਂ ਹਨ ਥੋੜਾ ਕੰਮ ਨਰਮ ਕਰ ਦਿੱਤਾ ਹੈ । ਗਦਾਰਾਂ ਨੂੰ ਵੋਟਾਂ ਪਾ ਕੇ ਗਦਾਰ ਨਾ ਬਣੋ , ਪੰਥ ਦਾ ਕਲੰਕ ਨਾ ਲਗਵਾਓ , ਇਹ ਕਲੰਕ ਸਦੀਆਂ ਤੱਕ ਨਹੀਂ ਲਿੱਥੇਗਾ ਸਿੱਖੋ । ਇਹ ਬਾਦਲਾਂ ਨੇ ਜਿੱਤਣ ਤੋਂ ਬਾਅਦ ਫੇਰ ਤੁਹਾਡੇ ਸਿਰਾਂ ਵਿੱਚ ਹੀ ਛਿੱਤਰ ਮਾਰਨੇ ਹਨ , ਇਹ ਗੱਲ ਸਾਦ ਰੱਖਿਓ । ਜਿਹੜੇ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਹੀ ਭਗੌੜੇ ਹਨ ਸਿੱਖਾਂ ਨੇ ਉਹਨਾਂ ਨੂੰ ਵੋਟਾਂ ਪਾਈਆਂ ਹੀ ਕਿਉਂ ? ਕੀ ਹਾਲੇ ਤੁਸੀਂ ਹੋਰ ਬੇਅਦਬੀਆਂ ਕਰਵਾਉਣਾ ਚਾਹੁੰਦੇ ਹੋ ? ਕੀ ਤੁਸੀਂ ਚਿੱਟੇ ਨਾਲ ਹੋਰ ਮਾਵਾਂ ਦੇ ਪੁੱਤ ਮਰਵਾਉਣੇ ਚਾਹੁੰਦੇ ਹੋ ? ਕੁੱਝ ਤਾਂ ਸੋਚਿਆ ਕਰੋ । ਗਲ੍ਹੀਆਂ ਨਾਲੀਆਂ ਸੜਕਾਂ ਪੁੱਲ ਬਣਾਉਣੇ ਸਰਕਾਰਾਂ ਦਾ ਕੰਮ ਹੈ । ਇਸ ਨੂੰ ਵਿਕਾਸ ਨਹੀਂ ਕਹਿੰਦੇ । ਲਕਾਂ ਨੂੰ ਰੁਜ਼ਗਾਰ ਦੇਣ ਸਰਕਾਰਾਂ ਵਿਕਾਸ ਖੁਦ ਬ ਖੁਦ ਹੀ ਹੋ ਜਾਵੇਗਾ । ਜਮੀਰਾਂ ਮਾਰ ਕੇ ਡਰ ਡਰ ਕੇ ਜੀਣ ਨਾਲੋਂ ਤਾਂ ਮੌਤ ਹੀ ਚੰਗੀ ਹੁੰਦੀ ਹੈ । ਸੋ ਅਖੀਰ ਵਿੱਚ ਫੇਰ ਏਹ ਹੀ ਕਹਾਂਗੇ ਕਿ ਪੰਥ ਦੀ ਹਾਰ ਸੁੱਖਬੀਰ ਸਿੰਘ ਬਾਦਲ ਐਂ ਕੰਪਨੀ ਨੇ ਹੀ ਕਰਵਾਈ ਹੈ । ਬਾਕੀ 2027 ਵਿੱਚ ਵੋਟਾਂ ਵਾਲਾ ਊਠ ਕਿਸ ਕਰਵਟ ਬੈਠਦਾ ਹੈ ਵੇਖਦੇ ਹਾਂ। ਬਾਕੀ ਖਾਲਸਾ ਪੰਥ ਨਾ ਕਦੇ ਹਾਰਿਆ ਸੀ ਨਾ ਕਦੇ ਹਾਰਿਆ ਹੈ ਨਾ ਹੀ ਕਦੇ ਹਾਰੇਗਾ। ਅਸੀਂ ਜਿੱਤਾਂਗੇ ਜਰੂਰ ਜੰਗ ਜਾਰੀ ਰੱਖਾਂਗੇ, ਹੁੰਦੇ ਕੀ ਹਨ ਸਿੱਖ ਵੈਰੀਆਂ ਨੂੰ ਜਰੂਰ ਦੱਸਾਂਗੇ । ਮੰਜ਼ਿਲ ਹੈ ਨੇੜੇ ਹੌਂਸਲੇ ਬੁਲੰਦ ਰੱਖੀਓ , ਕਿਵੇਂ ਚਬਾਉਂਦੇ ਅਸੀਂ ਚਣੇ ਵੈਰੀਆਂ ਨੂੰ ਤੁਸੀਂ ਅੱਖੀਂ ਤੱਕਿਓ । ਹੋ ਜਾਓ ਸਾਰੇ ਤਕੜੇ , ਗੁਲਾਮੀ ਗਲੋਂ ਲਾਹੁਣੀ ਪੈਣੀ ਆ । ਪੰਮਾ ਕਹਿੰਦਾ ਮੰਜਿਲ ਨੂੰ ਸਰ ਕਰਨ ਲਈ, ਮੌਤ ਵਿਆਹੁਣੀ ਪੈਣੀ ਆ।

**- ਹਰਪ੍ਰੀਤ ਸਿੰਘ ਪੰਮਾ (ਆਸਟਰੀਆ)**

# ਪੰਜਾਬ ਫੋਰੈਸਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਹੋਈ ਮੀਟਿੰਗ

ਫ਼ਿਰੋਜ਼ਪੁਰ, 19 ਨਵੰਬਰ (ਮਨੋਹਰ ਲਾਲ) :— ਪੰਜਾਬ ਫੋਰੈਸਟ ਪੈਨਸ਼ਨਰਜ ਐਸੋਸੀਏਸ਼ਨ ਮੰਡਲ ਕਮੇਟੀ ਜਲੰਧਰ ਦੇ ਪ੍ਰਧਾਨ ਸ਼੍ਰੀ ਦਰਸ਼ਨ ਸਿੰਘ ਦੀ ਪ੍ਰਧਾਨਗੀ ਹੇਠ ਫਿਲੌਰ ਵਿਚ ਹੋਈ ਮੀਟਿੰਗ ਦੌਰਾਨ ਵਿਛੜੇ ਵਣ ਪੈਨਸ਼ਨਰਜ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਮੁਹਿੰਦਰ ਸਿੰਘ ਧਾਲੀਵਾਲ ਜਨਰਲ ਸਕੱਤਰ ਪੰਜਾਬ ਫੋਰੈਸਟ ਪੈਨਸ਼ਨਰਜ਼ ਐਸੋਸੀਏਸ਼ਨ ਨੇ ਦੱਸਿਆ ਕਿ ਮੀਟਿੰਗ ਦੇ ਆਰੰਭ ਵਿੱਚ ਪਿਛਲੇ ਦਿਨੀਂ ਵਿਛੜੇ ਵਣ ਪੈਨਸ਼ਨਰਜ ਸ਼੍ਰੀ ਜਗਦੀਸ਼ ਪਾਲ, ਸ਼੍ਰੀ ਅਮਰਜੀਤ ਸਿੰਘ ਡਾਬਰਾ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਪ੍ਰਮਾਤਮਾ ਅੱਗੇ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਦੀ ਅਰਦਾਸ ਬੇਨਤੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸ ਮੀਟਿੰਗ ਵਿੱਚ ਸੂਬਾ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸਤਪਾਲ ਸਿੰਘ ਜਲੰਧਰ, ਮੁਹਿੰਦਰ ਸਿੰਘ ਧਾਲੀਵਾਲ ਜਨਰਲ ਸਕੱਤਰ, ਕਰਮਜੀਤ ਸਿੰਘ ਲੁਧਿਆਣਾ ਦਲਜੀਤ ਸਿੰਘ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਮੀਟਿੰਗ ਦੌਰਾਨ ਸਾਥੀਆਂ ਨੇ ਪੰਜਾਬ ਸਰਕਾਰ ਦੇ ਸਾਲ 2022 ਵਿੱਚ ਜਾਰੀ ਅਧੂਰੇ ਨੋਟੀਫਿਕੇਸ਼ਨ ਦੀ ਨਿਖੇਧੀ ਕੀਤੀ ਅਤੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ। ਹਾਜ਼ਰੀਨ ਨੇ ਮੰਗ ਕੀਤੀ ਕਿ ਪੰਜਾਬ ਦੇ ਛੇਵੇਂ ਪੇ ਕਮਿਸ਼ਨ ਅਨੁਸਾਰ ਡੀ.ਏ, ਲੀਵ ਇਨਕੈਸ਼ਮੈਂਟ ਦਾ ਬਕਾਇਆ ਰਾਸ਼ੀ ਇਕ ਕਿਸ਼ਤ ਵਿੱਚ ਦਿੱਤਾ ਜਾਵੇ, ਪੈਨਸ਼ਨਰਜ ਨੂੰ 2.59 ਦੇ ਗੁਣਾਕ ਨਾਲ ਪੈਨਸ਼ਨ ਲਾਭ ਦਿੱਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ। ਇਸ ਸਮੇਂ ਵਣ ਮੰਡਲ ਜਲੰਧਰ ਦੇ ਵਣ ਪੈਨਸ਼ਨਰਜ ਦੀਆਂ ਬਕਾਏ ਦੀਆਂ ਕਿਸ਼ਤਾ, ਏ.ਸੀ.ਪੀ ਲਾਭ, ਮੈਡੀਕਲ ਬਿਲਾਂ ਦੀ ਅਦਾਇਗੀ ਸਮੇਂ ਸਿਰ ਕਰਨ ਸਬੰਧੀ ਸ਼੍ਰੀ ਜਰਨੈਲ ਸਿੰਘ ਵਣ ਮੰਡਲ ਅਫ਼ਸਰ ਫਿਲੌਰ ਨਾਲ ਮੀਟਿੰਗ ਕੀਤੀ ਗਈ, ਜਿਸ ਬਾਰੇ ਵਣ ਮੰਡਲ ਅਫ਼ਸਰ ਨੇ ਵਿਸ਼ਵਾਸ਼ ਦਵਾਇਆ ਕਿ ਜਲਦੀ ਹੀ ਮੰਗਾਂ ਦਾ ਨਿਪਟਾਰਾ ਕੀਤਾ ਜਾਵੇਗਾ ਅਤੇ ਵਣ ਪੈਨਸ਼ਨਰਜ ਦਾ ਬਕਾਇਆ ਉਨ੍ਹਾਂ ਦੇ ਖਾਤੇ ਪਾਇਆ ਜਾਵੇਗਾ। ਮੀਟਿੰਗ ਦੌਰਾਨ ਮੈਡੀਕਲ ਬਿੱਲਾਂ ਦੀ ਅਦਾਇਗੀ ਸਬੰਧੀ ਜ਼ਲਦੀ ਹੀ ਸਿਵਲ ਸਰਜਨ ਜਲੰਧਰ ਨਾਲ ਮੀਟਿੰਗ ਕੀਤੀ ਜਾਵੇਗੀ । ਇਸ ਸਮੇਂ ਜਗੀਰ ਸਿੰਘ, ਦਰਸ਼ਨ ਸਿੰਘ, ਸਾਧੂ ਰਾਮ, ਕਰਮਜੀਤ ਸਿੰਘ, ਦਲਜੀਤ ਸਿੰਘ, ਸਤਪਾਲ ਸਿੰਘ, ਮੁਹਿੰਦਰ ਸਿੰਘ ਧਾਲੀਵਾਲ, ਦਨਿਦਰ ਸਿੰਘ, ਜਗਦੀਸ਼ ਕੁਮਾਰ ਆਦਿ ਨੇ ਸੰਬੋਧਨ ਕੀਤਾ ਅਤੇ ਵਿਸ਼ਵਾਸ ਦਵਾਇਆ ਕਿ ਪੰਜਾਬ ਮੁਲਾਜਮ ਅਤੇ ਪੈਨਸ਼ਨਰਜ ਸਾਂਝਾ ਫਰੰਟ ਦੇ ਹਰ ਸੰਘਰਸ਼ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ।





## 'ਹਿੰਦ ਦੀ ਚਾਦਰ' ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਬਲਜਿੰਦਰ ਕੌਰ, ਡਿਪਟੀ ਕਮਿਸ਼ਨਰ ਅਤੇ ਐਸਐਸਪੀ ਨੇ ਕੀਰਤਨ ਦਰਬਾਰ 'ਚ ਕੀਤੀ ਸ਼ਿਰਕਤ

☛ ਰਾਗੀ ਸਿੰਘਾਂ ਵਲੋਂ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਕੀਤਾ ਨਿਹਾਲ ☛ ਸ਼ਾਂਤੀ, ਪ੍ਰੇਰਣਾ ਅਤੇ ਸਮੂਹਕ ਏਕਤਾ ਦਾ ਸੁਨੇਹਾ ਦੇ ਕੇ ਸਫਲਤਾ ਪੂਰਵਕ ਸੰਪੰਨ ਹੋਇਆ ਕੀਰਤਨ ਦਰਬਾਰ ☛ 20 ਨਵੰਬਰ ਨੂੰ ਪਵਿੱਤਰ ਅਰਦਾਸ ਤੋਂ ਬਾਅਦ ਸਵੇਰੇ 7:30 ਵਜੇ ਰਵਾਨਾ ਹੋਣਗੇ ਨਗਰ ਕੀਰਤਨ





ਤਲਵੰਡੀ ਸਾਬੋ, 19 ਨਵੰਬਰ (ਗੁਰਜੰਟ ਸਿੰਘ ਨਥੇਹਾ)- ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਹਿੰਦ ਦੀ ਚਾਦਰ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 23 ਤੋਂ 25 ਨਵੰਬਰ 2025 ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਹੁਤ ਹੀ ਸ਼ਰਧਾ-ਭਾਵਨਾ ਨਾਲ ਮਨਾਏ ਜਾ ਰਹੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਦੀ ਲੜੀ ਦੇ ਤਹਿਤ ਸਥਾਨਕ ਗੁਰਦੁਆਰਾ ਬੇਰ ਸਾਹਿਬ (ਦੇਗਸਰ) ਪਾਤਸ਼ਾਹੀ ਦਸਵੀਂ ਛਾਉਣੀ ਬੁੱਢਾ ਦਲ ਪੰਜਵਾਂ ਤਖਤ ਵਿਖੇ ਕੀਰਤਨ ਦਰਬਾਰ ਤਲਵੰਡੀ ਸਾਬੋ ਤੋਂ ਵਿਧਾਇਕਾ ਪ੍ਰੋਫੈਸਰ ਬਲਜਿੰਦਰ ਕੌਰ, ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਅਤੇ ਐਸਐਸਪੀ ਮੈਡਮ ਅਮਨੀਤ ਕੌਂਡਲ ਤੇ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਵੱਲੋਂ ਸ਼ਿਰਕਤ ਕੀਤੀ ਗਈ। ਇਸ ਮੌਕੇ ਕੀਰਤਨ ਦਰਬਾਰ ਵਿੱਚ ਰਾਗੀ ਸਿੰਘਾ ਵੱਲੋਂ ਗੁਰਬਾਣੀ ਦੇ ਮਧੁਰ ਕੀਰਤਨ ਰਾਹੀਂ ਹਿੰਦ ਦੀ ਚਾਦਰ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਮਹਿਮਾ ਬਿਆਨ ਕੀਤੀ ਗਈ, ਜਿਸ ਨਾਲ ਪੂਰਾ ਦਰਬਾਰ ਨਾਮ-ਰੰਗ ਅਤੇ ਸ਼ਰਧਾ ਨਾਲ ਭਰਿਆ ਗਿਆ। ਗੁਰੂ ਸਾਹਿਬ ਦੇ ਉਪਦੇਸ਼ਾਂ, ਧਰਮ ਦੀ ਰੱਖਿਆ, ਮਨੁੱਖਤਾ ਦੀ ਸੇਵਾ ਅਤੇ ਸੱਚ ਲਈ ਖੜ੍ਹੇ ਹੋਣ ਨੂੰ ਯਾਦ ਕਰਵਾਉਂਦਿਆਂ ਸੰਗਤ ਨੇ ਸ਼ਾਂਤੀ ਅਤੇ ਚੇਤੇ ਦਾ ਅਨੁਭਵ ਕੀਤਾ। ਕੀਰਤਨ ਦਰਬਾਰ ਸਹਿਬ ਮੌਕੇ ਸੰਗਤਾਂ ਨੂੰ ਗੁਰੂ ਤੇਗ ਬਹਾਦਰ ਜੀ ਦੀ ਜੀਵਨ ਗਾਥਾ, ਉਨ੍ਹਾਂ ਦੇ ਆਤਮਕ ਉਪਦੇਸ਼ ਅਤੇ ਸ਼ਹੀਦੀ ਦੇ ਇਤਿਹਾਸਕ ਮਹੱਤਵ ਬਾਰੇ ਵੀ ਜਾਣੂ ਕਰਵਾਇਆ ਗਿਆ। ਉਹਨਾਂ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਦੱਸਿਆ ਕਿ ਗੁਰੂ ਸਾਹਿਬ ਦਾ ਬਲਿਦਾਨ ਮਨੁੱਖਤਾ ਲਈ ਅਦੁਤੀ ਮਿਸਾਲ ਹੈ, ਜੋ ਅੱਜ ਵੀ ਸਾਨੂੰ ਸੱਚ, ਹਿੰਮਤ ਅਤੇ ਸਹੀ ਰਸਤੇ 'ਤੇ ਤੁਰਨ ਦੀ ਪ੍ਰੇਰਣਾ ਦਿੰਦਾ ਹੈ। ਕੀਰਤਨ ਦਰਬਾਰ ਸ਼ਾਂਤੀ, ਪ੍ਰੇਰਣਾ ਅਤੇ ਸਮੂਹਕ ਏਕਤਾ ਦਾ ਸੁਨੇਹਾ ਦੇ ਕੇ ਸਫਲਤਾ ਪੂਰਵਕ ਸੰਪੰਨ ਹੋਇਆ। ਗੁਰਦੁਆਰਾ ਬੇਰ ਸਾਹਿਬ (ਦੇਗਸਰ) ਪਾਤਸ਼ਾਹੀ 10ਵੀਂ ਛਾਉਣੀ ਬੁੱਢਾ ਦਲ ਪੰਜਵਾਂ ਤਖਤ ਵਿਖੇ ਤੋਂ ਹੀ 20 ਨਵੰਬਰ ਨੂੰ ਪਵਿੱਤਰ ਅਰਦਾਸ ਉਪਰੰਤ ਸਵੇਰੇ 7:30 ਵਜੇ ਨਗਰ ਕੀਰਤਨ ਤਲਵੰਡੀ ਸਾਬੋ ਤੋਂ ਬਠਿੰਡਾ, ਭੁੱਚੋ ਮੰਡੀ, ਰਾਮਪੁਰਾ ਹੁੰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ ਹੋਵੇਗਾ। ਇਸ ਮੌਕੇ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਸਰਦਾਰਨੀ ਜ਼ਸਬੀਰ ਕੌਰ ਨਮਿਤ ਅੰਤਿਮ ਅਰਦਾਸ 23 ਨਵੰਬਰ ਨੂੰ

ਫ਼ਿਰੋਜ਼ਪੁਰ, 19 ਨਵੰਬਰ (ਮਨੋਹਰ ਲਾਲ) :— ਬੀਤੇ ਦਿਨੀ ਪੰਜਾਬ ਭਾਜਪਾ ਦੇ ਸੂਬਾਈ ਆਗੂ ਚੇਅਰਮੈਨ ਜੁਗਰਾਜ ਸਿੰਘ ਕਟੋਰਾ ਜਿਨ੍ਹਾਂ ਦੇ ਮਾਤਾ ਸਰਦਾਰਨੀ ਜਸਬੀਰ ਕੌਰ (ਸਾਬਕਾ ਬਲਾਕ ਸੰਮਤੀ ਮੈਂਬਰ) ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ। ਪਰਿਵਾਰ ਨਾਲ਼ ਅਫ਼ਸੋਸ ਕਰਨ ਪੰਜਾਬ ਅਤੇ ਇਲਾਕੇ ਦੀਆਂ ਵੱਖ—ਵੱਖ ਸਖ਼ਸ਼ੀਅਤਾ ਪਹੁੰਚੀਆਂ ਉਥੇ ਅੱਜ ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਸ੍ਰੀ ਅਸ਼ਵਨੀ ਸ਼ਰਮਾ, ਪੰਜਾਬ ਭਾਜਪਾ ਦੇ ਉਪ ਪ੍ਰਧਾਨ ਬਿਕਰਮਜੀਤ ਸਿੰਘ ਚੀਮਾ, ਪੰਜਾਬ ਭਾਜਪਾ ਜਨਰਲ ਸਕੱਤਰ ਸ੍ਰੀ ਰਾਕੇਸ਼ ਰਾਠੌਰ, ਰੋਪੜ ਜ਼ਿਲ੍ਹਾ ਭਾਜਪਾ ਦੇ ਇੰਚਾਰਜ ਭੈਣ ਸ਼ਸ਼ੀ ਸ਼ਰਮਾ, ਪੰਜਾਬ ਭਾਜਪਾ ਦੇ ਸਾਬਕਾ ਜਨਰਲ ਸਕੱਤਰ ਜੀਵਨ ਗੁਪਤਾ, ਸੀਨੀਅਰ ਆਗੂ ਜਸਵਿੰਦਰ ਕਿਲੀ, ਸੁਰਜੀਤ ਸਿੰਘ ਸਦਾਰਦੀਨ ਸਮੇਤ ਵੱਡੀ ਗਿਣਤੀ ਭਾਜਪਾ ਆਗੂ ਤੇ ਇਲਾਕਾ ਨਿਵਾਸੀ ਅਫਸੋਸ ਕਰਨ ਉਨ੍ਹਾਂ ਦੇ ਗ੍ਰਹਿ ਪਿੰਡ ਕਟੋਰਾ ਵਿਖੇ ਪਹੁੰਚੇ।



ਪਰਿਵਾਰ ਨਾਲ ਦੁੱਖ ਦੀ ਘੜੀ ਵਿੱਚ ਖੜ੍ਹੇ ਸਮੂਹ ਸਾਥੀਆਂ ਦਾ ਧੰਨਵਾਦ ਕਰਦਿਆਂ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਮਾਤਾ ਸਰਦਾਰਨੀ ਜ਼ਸਬੀਰ ਕੌਰ ਦੀ ਅੰਤਿਮ ਅਰਦਾਸ ਮਿਤੀ 23 ਨਵਬਰ ਨੂੰ ਪਿੰਡ ਕਟੋਰਾ ਦੇ ਗੁਰਦੁਆਰਾ ਸਾਹਿਬ ਵਿਖੇ ਕੀਤੀ ਜਾਵੇਗੀ।

### ਨਿਵੇਕਲੇ ਢੰਗ ਨਾਲ ਹੋਇਆ ਵਿਆਹ ਸਮਾਰੋਹ

# ਰਮਿੰਦਰ ਆਂਵਲਾ ਨੇ 215 ਲੜਕੀਆਂ ਦੇ ਕਰਵਾਏ ਵਿਆਹ



ਫ਼ਿਰੋਜ਼ਪੁਰ, 19 ਨਵੰਬਰ (ਮਨੋਹਰ ਲਾਲ) :— ਆਪਣੇ ਬੋਲ ਪੁਗਾਉਂਦਿਆਂ ਕਾਰੋਬਾਰੀ ਤੇ ਸਮਾਜ ਸੇਵੀ ਸ੍ਰੀ ਰਮਿੰਦਰ ਸਿੰਘ ਆਂਵਲਾ ਵੱਲੋਂ ਗੁਰੂਹਰਸਹਾਏ ਵਿਖੇ ਗਰੀਬ ਤੇ ਜ਼ਰੂਰਤਮੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਰਚਾਏ ਗਏ। ਇਹ ਵਿਆਹ ਸਮਾਰੋਹ ਜਿਥੇ ਵੱਖਰੇ ਰੰਗ ਵਿਚ ਰੰਗਿਆ ਦਿਖਾਈ ਦਿੱਤਾ, ਉਥੇ 215 ਦੇ ਕਰੀਬ ਲੜਕੀਆਂ ਦੇ ਕੀਤੇ ਜਾ ਰਹੇ ਵਿਆਹਾਂ ਦੌਰਾਨ ਰਮਿੰਦਰ ਆਂਵਲਾ ਵੱਲੋਂ ਹਰ ਤਰ੍ਹਾਂ ਦੇ ਪਕਵਾਨ ਹਾਜ਼ਰੀਨ ਲਈ ਤਿਆਰ ਕਰਵਾਏ ਗਏ ਸਨ। ਗੁਰ—ਮਰਿਆਦਾ ਅਨੁਸਾਰ ਲੜਕੀਆਂ ਦੇ ਕੀਤੇ ਗਏ ਵਿਆਹਾਂ ਦੌਰਾਨ ਜਿਥੇ ਲੜਕਾ ਤੇ ਲੜਕੀ ਪਰਿਵਾਰਾਂ ਨੇ ਖੁਸ਼ੀ ਜ਼ਾਹਿਰ ਕੀਤੀ, ਉਥੇ ਹਰ ਹਾਜ਼ਰ ਵਿਅਕਤੀ ਨੇ ਇਸ ਵਿਆਹ ਸਮਾਰੋਹ ਦੀ ਜੰਮ ਕੇ ਸਰਾਹਨਾ ਕੀਤੀ। ਪਿੰਡਾਂ ਅਤੇ ਸ਼ਹਿਰਾਂ ਦੇ ਤਕਰੀਬਨ 215 ਜੋੜਿਆਂ ਦੇ ਆਨੰਦ ਕਾਰਜ ਕਰਵਾਏ ਗਏ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ਅਤੇ ਲੋੜੀਂਦਾ ਸਮਾਨ ਵੀ ਦਿਤਾ ਗਿਆ। ਸੀਨੀਅਰ ਸਿਟੀਜਨ ਫੋਰਮ ਫ਼ਿਰੋਜ਼ਪੁਰ ਦੇ ਪ੍ਰਧਾਨ ਸ਼੍ਰੀ ਪਰਦੀਪ ਧਵਨ ਦੀ ਅਗਵਾਈ ਵਿੱਚ ਫੋਰਮ ਦੇ ਸਾਥੀਆਂ ਨੇ ਅਪਣੀ ਸੇਵਾ ਇਸ ਪਵਿੱਤਰ ਸਮਾਗਮ ਵਿੱਚ ਪੂਰੀ ਸ਼ਰਧਾ ਨਾਲ ਨਿਭਾਈ। ਇਸ ਸਮੇਂ ਸ਼੍ਰੀ ਸਤੀਸ਼ ਪੁਰੀ ਡਾਕਟਰ ਸੁਰਿੰਦਰ ਸਿੰਘ ਕਪੂਰ, ਮੁਹਿੰਦਰ ਸਿੰਘ ਧਾਲੀਵਾਲ ਜਨਰਲ ਸਕੱਤਰ, ਅਸ਼ੋਕ ਕੱਕੜ, ਪਰਵੀਨ ਤਲਵਾੜ, ਸਰਵ ਹਿਤੈਸ਼ੀ, ਰਿੱਪਨ ਧਵਨ ਪ੍ਰੋਫੈਸਰ ਗੁਰਦੇਵ ਸਿੰਘ ਮਿੱਤਲ, ਸੁਭਾਸ਼ ਡੋਡਾ, ਸੁਰਿੰਦਰ ਸਿੰਘ ਪ੍ਰੈਸ ਰਪੋਟਰ, ਗਿਰਧਾਰੀ ਲਾਲ, ਕਰਨ ਢਲ ਆਦਿ ਸੇਵਾ ਵਿਚ ਸ਼ਾਮਿਲ ਹੋਏ।

### ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਸ਼ਹਿਰ ਦੇ ਸੀਵਰੇਜ ਸਿਸਟਮ ਨੂੰ ਸਾਫ਼ ਕਰਨ ਲਈ

# ਕੌਂਸਲਰਾਂ ਨੂੰ 35 ਲੱਖ ਰੁਪਏ ਦੀ ਜੈੱਟ ਮਸ਼ੀਨ ਪ੍ਰਦਾਨ ਕੀਤੀ



**ਕਪੂਰਥਲਾ, 19 ਨਵੰਬਰ (ਆਵਾਜ਼ਿ ਕੌਮ ਬਿਊਰੋ)**-ਸ਼ਹਿਰ ਦੇ ਕੂੜੇ ਨੂੰ ਨਿੱਜੀ ਤੌਰ ’ਤੇ ਚੁੱਕਣ ਦੇ ਪ੍ਰੋਜੈਕਟ ਦੇ ਸ਼ੁਰੂ ਹੋਣ ਤੋਂ ਪੰਜਾਹ ਦਿਨਾਂ ਬਾਅਦ, ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਇੱਕ ਨਵੀਂ ਪਹਿਲਕਦਮੀ ਵਿੱਚ, ਆਪਣੇ ਨਿੱਜੀ ਫੰਡਾਂ ਵਿੱਚੋਂ 35 ਲੱਖ ਦੀ ਜੈਟਿੰਗ ਮਸ਼ੀਨ ਲਗਾ ਕੇ ਸ਼ਹਿਰ ਦੇ ਸੀਵਰੇਜ ਸਮੱਸਿਆ ਤੋਂ ਪੀੜਤਾਂ ਨੂੰ ਰਾਹਤ ਪ੍ਰਦਾਨ ਕੀਤੀ। ਇਹ ਮਸ਼ੀਨ ਇਸ ਸਮੇਂ ਕਪੂਰਥਲਾ ਵਿੱਚ ਸੀਵਰੇਜ ਓਵਰਫਲੋਅ ਨੂੰ ਹੱਲ ਕਰਨ ਲਈ ਇੱਕ ਅਜ਼ਮਾਇਸ਼ ਵਜੋਂ ਕੰਮ ਕਰ ਰਹੀ ਹੈ। ਆਉਣ ਵਾਲੇ ਦਿਨਾਂ ਵਿੱਚ, ਇਹ ਵਾਹਨ ਜਨਤਕ ਫੋਨ ਕਾਲਾਂ ’ਤੇ ਪਹਿਲ ਦੇ ਆਧਾਰ ’ਤੇ ਉਪਲਬਧ ਹੋਵੇਗਾ। ਸਥਾਨਕ ਏਕਤਾ ਭਵਨ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਿਧਾਇਕ ਅਤੇ ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਅਤੇ ਨਗਰ ਨਿਗਮ ਪ੍ਰਸ਼ਾਸਨ ਸਾਢੇ ਤਿੰਨ ਸਾਲਾਂ ਤੋਂ ਵੱਧ ਸਮੇਂ ਤੋਂ ਸ਼ਹਿਰ ਵਾਸੀਆਂ ਨੂੰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਵਿੱਚ ਅਸਫਲ ਰਿਹਾ ਹੈ। ਜਨਤਾ ਦੀ ਕੂੜੇ ਦੀ ਸਮੱਸਿਆ ਨੂੰ ਹੱਲ ਕਰਨ ਲਈ, ਉਨ੍ਹਾਂ ਨੇ ਸ਼ਹਿਰ ਵਿੱਚ ਇੱਕ ਨਿੱਜੀ ਪ੍ਰੋਜੈਕਟ ਸ਼ੁਰੂ ਕਰਨ ਦੀ ਪਹਿਲ ਕੀਤੀ, ਜਿਸਦੀ ਲਾਗਤ ਪ੍ਰਤੀ ਮਹੀਨਾ 9 ਲੱਖ ਰੁਪਏ ਸੀ। ਨਗਰ ਨਿਗਮ ਵੱਲੋਂ ਸੀਵਰੇਜ ਸਮੱਸਿਆ ਨੂੰ ਹੱਲ ਕਰਨ ਵਿੱਚ ਮਹੱਤਵਪੂਰਨ ਅਸਫਲਤਾ ਤੋਂ ਬਾਅਦ, ਉਨ੍ਹਾਂ ਨੇ ਹੁਣ ਜਨਤਾ ਦੀ ਸੀਵਰੇਜ ਸਮੱਸਿਆ ਨੂੰ ਹੱਲ ਕਰਨ ਲਈ ਇੱਕ ਆਧੁਨਿਕ ਜੈਟਿੰਗ ਮਸ਼ੀਨ ਨਿੱਜੀ ਤੌਰ ’ਤੇ ਸ਼ੁਰੂ ਕੀਤੀ ਹੈ। ਇਹ ਸ਼ਹਿਰ ਦੇ ਲਗਭਗ ਹਰ ਖੇਤਰ ਤੱਕ ਪਹੁੰਚ ਜਾਵੇਗੀ, ਜਿਸ ਨਾਲ ਨਗਰ ਨਿਗਮ ਦੀ ਸੀਵਰੇਜ ਸਮੱਸਿਆ ਦਾ ਹੱਲ ਹੋਵੇਗਾ। ਨਗਰ ਨਿਗਮ ਦੀ ਸੀਵਰ ਜੈਟਿੰਗ ਮਸ਼ੀਨ ਅਕਸਰ ਖਰਾਬ ਹੋ ਜਾਂਦੀ ਹੈ, ਅਤੇ ਉੱਚ ਮੰਗ ਦੇ ਬਾਵਜੂਦ, ਪ੍ਰਸ਼ਾਸਨ ਨਵੀਂ ਖਰੀਦਣ ਤੋਂ ਇਨਕਾਰ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸੀਵਰੇਜ ਸਮੱਸਿਆ ਵਾਲੇ ਲੋਕ ਆਪਣੇ ਸ਼ਹਿਰ ਦੇ ਕੌਂਸਲਰ ਰਾਹੀਂ ਮੋਬਾਈਲ ਫੋਨ ਰਾਹੀਂ ਏਕਤਾ ਭਵਨ ਨਾਲ ਸੰਪਰਕ ਕਰ ਸਕਦੇ ਹਨ, ਅਤੇ ਕਾਲ ਮਿਲਣ ’ਤੇ, ਜੈਟਿੰਗ ਮਸ਼ੀਨ ਇਸ ਮੁੱਦੇ ਨੂੰ ਹੱਲ ਕਰਨ ਲਈ ਮੌਕੇ ’ਤੇ ਪਹੁੰਚ ਜਾਵੇਗੀ। ਸ਼ਹਿਰ ਦੇ ਕੌਂਸਲਰ ਬਲਜੀਤ ਸਿੰਘ ਕਾਲਾ ਨੂੰ ਜੈਟਿੰਗ ਮਸ਼ੀਨ ਦੀ ਦੇਖਭਾਲ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਰਾਜਨੀਤਿਕ ਰੰਜਿਸ਼ ਕਾਰਨ, ‘ਆਪ’ ਸੂਬਾ ਸਰਕਾਰ ਅਤੇ ਨਗਰ ਨਿਗਮ ਪ੍ਰਸ਼ਾਸਨ ਵਿਕਾਸ ਪ੍ਰੋਜੈਕਟਾਂ ਨੂੰ ਰੋਕ ਕੇ ਜਨਤਾ ਨੂੰ ਪ੍ਰੇਸ਼ਾਨ ਕਰ ਰਹੇ ਹਨ। ਇਸ ਦੌਰਾਨ, ਕਾਂਗਰਸ ਪਾਰਟੀ ਵੱਲੋਂ ਨਗਰ ਨਿਗਮ ਵਿੱਚ ਕੀਤੀਆਂ ਗਈਆਂ ਵੱਖ-ਵੱਖ ਮੀਟਿੰਗਾਂ ਵਿੱਚ, ਕਰੋੜਾਂ ਰੁਪਏ ਦੇ ਪ੍ਰੋਜੈਕਟਾਂ ਲਈ ਪ੍ਰਸਤਾਵ ਪੇਸ਼ ਕੀਤੇ ਗਏ ਹਨ, ਜਿਨ੍ਹਾਂ ਵਿੱਚ ਸੀਵਰੇਜ, ਸੜਕਾਂ, ਜਨਤਕ ਪਖਾਨੇ, ਪੀਣ ਵਾਲੇ ਪਾਣੀ ਦੇ ਪ੍ਰੋਜੈਕਟ ਅਤੇ ਹੋਰ ਬੁਨਿਆਦੀ ਸਹੂਲਤਾਂ ਸ਼ਾਮਲ ਹਨ। ਹਾਊਸ ਨੇ ਜ਼ਿਆਦਾਤਰ ਪ੍ਰੋਜੈਕਟਾਂ ਨੂੰ ਪਾਸ ਕਰ ਦਿੱਤਾ ਹੈ ਅਤੇ ਰਾਜ ਸਰਕਾਰ ਨੂੰ ਕੰਮ ਜਾਰੀ ਰੱਖਣ ਦੇ ਨਿਰਦੇਸ਼ ਦਿੱਤੇ ਹਨ। ਹਾਲਾਂਕਿ, ਸਰਕਾਰ ਅਤੇ ਨਗਰ ਨਿਗਮ ਪ੍ਰਸ਼ਾਸਨ ਨੇ ਪ੍ਰਸਤਾਵਾਂ ਵਿੱਚ ਖਾਮੀਆਂ ਦਾ ਹਵਾਲਾ ਦੇ ਕੇ ਉਨ੍ਹਾਂ ਨੂੰ ਰੋਕ ਦਿੱਤਾ ਹੈ। ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ 9 ਜੂਨ ਨੂੰ ਹੋਈ ਨਗਰ ਨਿਗਮ ਦੀ ਹਾਊਸ ਮੀਟਿੰਗ ਵਿੱਚ, ਸ਼ਹਿਰ ਦੇ ਕੂੜੇ ਨੂੰ ਚੁੱਕਣ ਲਈ ਇੱਕ ਸਾਲ ਲਈ 70 ਲੱਖ ਰੁਪਏ ਦੀ ਰਕਮ ਅਲਾਟ ਕੀਤੀ ਗਈ ਸੀ, ਜਿਸ ਵਿੱਚ ਟਰੈਕਟਰ ਟਰਾਲੀਆਂ, ਜੇਸੀਬੀ ਅਤੇ ਹੋਰ ਉਪਕਰਣ ਸ਼ਾਮਲ ਸਨ। ਹਾਲਾਂਕਿ, ਨਗਰ ਨਿਗਮ ਪ੍ਰਸ਼ਾਸਨ ਇੰਨਾ ਮਾੜਾ ਹਾਲ ਹੈ ਕਿ ਉਹ ਇਸ ਪ੍ਰੋਜੈਕਟ ’ਤੇ ਕੰਮ ਕਰਨ ਲਈ ਤਿਆਰ ਨਹੀਂ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਨਿੱਜੀ ਪ੍ਰੋਜੈਕਟ ਤਹਿਤ, ਕੂੜਾ ਚੁੱਕਣਾ ਸਾਲ ਵਿੱਚ 365 ਦਿਨ ਜਾਰੀ ਰਹੇਗਾ। ਰਾਣਾ ਨੇ ਅੱਗੇ ਕਿਹਾ ਕਿ ਨਗਰ ਨਿਗਮ ਪ੍ਰਸ਼ਾਸਨ ਸ਼ਹਿਰ ਦੇ ਅੰਦਰੂਨੀ ਖੇਤਰਾਂ ਦੀ ਸਫਾਈ ਲਈ ਵੀ ਜ਼ਿੰਮੇਵਾਰ ਹੈ, ਪਰ ਇਸਨੇ ਉਸ ਕੰਮ ਨੂੰ ਵੀ ਰੋਕ ਦਿੱਤਾ ਹੈ। ਇਸੇ ਤਰ੍ਹਾਂ ਰਾਣਾ ਨੇ ਦੱਸਿਆ ਕਿ ਕੇਂਦਰ ਸਰਕਾਰ ਦੀ ਅੰਮ੍ਰਿਤ-2 ਯੋਜਨਾ ਤਹਿਤ ਸ਼ਹਿਰ ਵਿੱਚ ਪੁਰਾਣੀਆਂ ਪਾਈਪਾਂ ਬਦਲਣ ਲਈ ਟੈਂਡਰ ਜਾਰੀ ਕੀਤੇ ਗਏ ਹਨ, ਜਿਸਦੀ ਲਾਗਤ 32 ਕਰੋੜ ਰੁਪਏ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇਸ ਪ੍ਰੋਜੈਕਟ ਨੂੰ ਸ਼ੁਰੂ ਕਰਨ ਲਈ ਪੂਰੀ ਮਿਹਨਤ ਕੀਤੀ ਹੈ। ਨਤੀਜੇ ਵਜੋਂ, ਨਗਰ ਨਿਗਮ ਨੂੰ ਅੰਮ੍ਰਿਤ-2 ਪ੍ਰੋਜੈਕਟ ਤਹਿਤ ਕੰਮ ਨੂੰ ਅੱਗੇ ਵਧਾਇਆ ਜਾਵੇਗਾ। ਇਹ ਪ੍ਰੋਜੈਕਟ ਸ਼ਹਿਰ ਦੇ ਵਸਨੀਕਾਂ ਨੂੰ 100% ਸ਼ੁੱਧ ਪੀਣ ਵਾਲਾ ਪਾਣੀ ਪ੍ਰਦਾਨ ਕਰੇਗਾ। ਇਸ ਮੌਕੇ ਸਾਬਕਾ ਵਿਧਾਇਕ ਰਾਜਬੰਸ ਕੌਰ ਰਾਣਾ, ਮੇਅਰ ਕੁਲਵੰਤ ਕੌਰ, ਸੀਨੀਅਰ ਡਿਪਟੀ ਮੇਅਰ ਰਾਹੁਲ ਕੁਮਾਰ, ਬਲਾਕ ਕਾਂਗਰਸ ਸ਼ਹਿਰੀ ਪ੍ਰਧਾਨ ਦੀਪਕ ਸਲਵਾਨ, ਵਿਧਾਇਕ ਰਾਣਾ ਦੇ ਨਿੱਜੀ ਸਕੱਤਰ ਮਨਪ੍ਰੀਤ ਸਿੰਘ ਮਾਂਗਟ, ਮਨੀਸ਼ ਅਗਰਵਾਲ, ਹਰਜੀਤ ਸਿੰਘ ਬੱਬਾ ਵਾਲੀਆ, ਸਿਮਰਨਜੀਤ ਵਾਲੀਆ, ਰਜਿੰਦਰ ਸਿੰਘ ਪਾਲਾ, ਕੌਂਸਲਰ ਬਲਜੀਤ ਕਾਲਾ, ਠਾਕੁਰ ਦਾਸ, ਕੌਂਸਲਰ ਹਰਸਿਮਰਨਜੀਤ ਸਿੰਘ ਪ੍ਰਿੰਸ, ਕਾਂਗਰਸੀ ਆਗੂ ਕੁਲਦੀਪ ਸਿੰਘ, ਜਤਿੰਦਰ ਸਿੰਘ ਸਮੇਤ ਕੌਂਸਲਰ ਅਤੇ ਆਗੂ ਮੌਜੂਦ ਸਨ।

**ਸੂਬਾ ਸਰਕਾਰ ਅਤੇ ਨਗਰ ਨਿਗਮ ਪ੍ਰਸ਼ਾਸਨ ਸਾਢੇ ਤਿੰਨ ਸਾਲਾਂ ਤੋਂ ਵੱਧ ਸਮੇਂ ਵਿੱਚ ਸ਼ਹਿਰ ਵਾਸੀਆਂ ਨੂੰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਵਿੱਚ ਅਸਫਲ ਰਹੇ ਹਨ: ਰਾਣਾ ਗੁਰਜੀਤ ਸਿੰਘ**

# ਸਾਬਕਾ ਮੰਤਰੀ ਜਨਮੇਜਾ ਸਿੰਘ ਸੇਖੋਂ ਤੇ ਹੋਰ ਨੇਤਾਵਾਂ ਵੱਲੋਂ ਸਾਮਾ ਪਰਿਵਾਰ ਨਾਲ ਡੂੰਘਾ ਦੁੱਖ ਸਾਂਝਾ



ਫ਼ਿਰੋਜ਼ਪੁਰ, 19 ਨਵੰਬਰ (ਮਨੋਹਰ ਲਾਲ) :— ਪਿੰਡ ਨੂਰਪੁਰ ਸੇਠਾਂ ਦੇ ਨਿਵਾਸੀ ਮਾਰਕੀਟ ਕਮੇਟੀ ਫਿਰੋਜਪੁਰ ਛਾਉਣੀ ਦੇ ਸਾਬਕਾ ਚੇਅਰਮੈਨ ਰਣਜੀਤ ਸਿੰਘ ਸਾਮਾ ਦੇ ਅਚਾਨਕ ਦੇਹਾਂਤ ਨਾਲ ਇਲਾਕੇ ਵਿੱਚ ਸ਼ੋਕ ਦੀ ਲਹਿਰ ਦੌੜ ਗਈ ਹੈ। ਰਣਜੀਤ ਸਿੰਘ ਸਾਮਾ ਜੋ ਲੰਬੇ ਸਮੇਂ ਤੱਕ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੈਂਬਰ ਰਹੇ, ਸਮਾਜ ਸੇਵਾ ਅਤੇ ਇਲਾਕੇ ਦੀ ਤਰੱਕੀ ਲਈ ਹਮੇਸ਼ਾ ਅੱਗੇ ਰਹੇ, ਉਨ੍ਹਾਂ ਦੇ ਅਚਾਨਕ ਵਿਛੋੜੇ ਨੇ ਪਰਿਵਾਰ ਹੀ ਨਹੀਂ, ਸਗੋਂ ਸਾਰੇ ਖੇਤਰ ਨੂੰ ਗਹਿਰੇ ਦੁੱਖ ਵਿੱਚ ਡੁੱਬਾ ਦਿੱਤਾ ਹੈ। ਰਣਜੀਤ ਸਿੰਘ ਸਾਮਾ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਉਣ ਲਈ ਇਲਾਕੇ ਦੀਆਂ ਨਾਮਵਰ ਸ਼ਖਸੀਅਤਾਂ ਸਾਮਾ ਪਰਿਵਾਰ ਦੇ ਨਿਵਾਸ ਸਥਾਨ ਪਹੁੰਚੀਆਂ ਅਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ। ਇਸ ਦੌਰਾਨ ਸਾਬਕਾ ਮੰਤਰੀ ਜਨਮੇਜਾ ਸਿੰਘ ਸੇਖੋਂ, ਫਿਰੋਜ਼ਪੁਰ ਤੋਂ ਵਿਧਾਇਕ ਰਣਬੀਰ ਸਿੰਘ ਭੁੱਲਰ, ਬੀ.ਸੀ. ਕਮਿਸ਼ਨ ਪੰਜਾਬ ਦੇ ਚੇਅਰਮੈਨ ਮਲਕੀਤ ਸਿੰਘ ਥਿੰਦ, ਉਦੈ ਚੰਦ ਤਦਹੱਯਾ, ਸਾਬਕਾ ਵਿਧਾਇਕ ਜੁਗਿੰਦਰ ਸਿੰਘ ਜਿੰਦੂ ਤੇ ਨਗਰ ਕੌਂਸਲ ਤਲਵੰਡੀ ਭਾਈ ਦੇ ਪ੍ਰਧਾਨ ਤਰਸੇਮ ਸਿੰਘ ਮੱਲਾ ਵਿਸ਼ੇਸ਼ ਤੌਰ ‘ਤੇ ਸ਼ਾਮਲ ਸਨ। ਇਸੇ ਤਰਾਂ ਐਸ.ਜੀ.ਪੀ.ਸੀ. ਮੈਂਬਰ ਦਰਸ਼ਨ ਸਿੰਘ ਸ਼ੇਰਖਾਂ, ਐਸ.ਜੀ.ਪੀ.ਸੀ. ਮੈਂਬਰ ਸਤਪਾਲ ਸਿੰਘ ਤਲਵੰਡੀ, ਡਿਪਟੀ ਡੀ.ਈ.ਓ. ਡਾ: ਸਤਿੰਦਰ ਸਿੰਘ, ਐਸ.ਜੀ.ਪੀ.ਸੀ. ਮੈਂਬਰ ਪ੍ਰੀਤਮ ਸਿੰਘ ਮਲਸੀਹਾਂ, ਭਾਈ ਧਿਆਨ ਸਿੰਘ ਮੰਡ ਸਾਬਕਾ ਐਮ.ਪੀ, ਲੋਕ ਸੰਪਰਕ ਵਿਭਾਗ ਦੇ ਡਿਪਟੀ ਡਾਇਰੈਕਟਰ ਪ੍ਰਭਦੀਪ ਸਿੰਘ ਨੱਥੋਵਾਲ, ਡੀਪੀਆਰਓ ਮੋਹਾਲੀ ਰਵੀਇੰਦਰ ਸਿੰਘ ਮੱਕੜ, ਸ਼ੁਬੇਗ ਸਿੰਘ ਡੀਪੀਆਰਓ ਕਪੂਰਥਲਾ, ਰਾਜਕੁਮਾਰ ਡੀਪੀਆਰਓ ਮੋਗਾ ਨੇ ਵੀ ਪਰਿਵਾਰ ਨਾਲ ਦੁੱਖ ਦਾ ਇਜ਼ਹਾਰ ਕੀਤਾ। ਰਣਜੀਤ ਸਿੰਘ ਸਾਮਾ ਦੇ ਪਰਿਵਾਰਕ ਮੈਂਬਰਾਂ ਅਮਰੀਕ ਸਿੰਘ ਡੀਪੀਆਰਓ, ਭਗਵਾਨ ਸਿੰਘ ਪ੍ਰਧਾਨ ਸ਼ਹੀਦ ਊਧਮ ਸਿੰਘ ਟਰੱਸਟ ਅਤੇ ਹਰਚਰਨ ਸਿੰਘ ਸਾਮਾ ਨਾਲ ਮਿਲਦਿਆਂ ਨੇਤਾਵਾਂ ਨੇ ਕਿਹਾ ਕਿ ਰਣਜੀਤ ਸਿੰਘ ਸਾਮਾ ਇੱਕ ਇਨਕਲਾਬੀ ਸੋਚ ਵਾਲੇ ਨੇਤਾ ਸਨ, ਜਿਨ੍ਹਾਂ ਨੇ ਖੇਤਰ ਦੀ ਭਲਾਈ ਅਤੇ ਸਮਾਜ ਸੁਧਾਰ ਲਈ ਅਨੇਕ ਕਾਰਜ ਕੀਤੇ। ਉਨ੍ਹਾਂ ਨੇ ਹਮੇਸ਼ਾ ਨਿਮਰਤਾ, ਇਮਾਨਦਾਰੀ ਅਤੇ ਲੋਕ ਸੇਵਾ ਨੂੰ ਪਹਿਲ ਦਿੱਤੀ। ਸਾਬਕਾ ਮੰਤਰੀ ਜਨਮੇਜਾ ਸਿੰਘ ਸੇਖੋਂ ਨੇ ਕਿਹਾ ਕਿ ਰਣਜੀਤ ਸਿੰਘ ਸਾਮਾ ਨੇ ਹਰ ਵਰਗ ਦੇ ਲੋਕਾਂ ਲਈ ਜੋ ਕੰਮ ਕੀਤੇ ਉਹ ਕਦੇ ਭੁੱਲੇ ਨਹੀਂ ਜਾ ਸਕਦੇ, ਉਹ ਸਿਰਫ ਰਾਜਨੀਤੀ ਤੱਕ ਸੀਮਤ ਨਹੀਂ ਸਨ, ਸਗੋਂ ਇੱਕ ਸੱਚੇ ਸਮਾਜ ਸੇਵਕ ਵਜੋਂ ਹਰ ਮੁਸ਼ਕਲ ਘੜੀ ਲੋਕਾਂ ਦੇ ਨਾਲ ਖੜ੍ਹੇ ਰਹਿੰਦੇ ਸਨ, ਉਨ੍ਹਾਂ ਦੀ ਕਮੀ ਇਲਾਕੇ ਨੂੰ ਲੰਬੇ ਸਮੇਂ ਤੱਕ ਮਹਿਸੂਸ ਰਹੇਗੀ।

## ਇੱਕ ਮਜਬੂਰ ਔਰਤ ਦੀ ਦਾਸਤਾਨ



ਵੱਡੀ ਹੋਈ ਮਾਂ-ਬਾਪ ਦੇ ਡਰ ਚ
ਹਾਸਾ ਵੀ ਕਰਦੀ ਸੀ ਧੀਮੇ ਜਿਹਾ
“ਲੋਕ ਕੀ ਕਹਿਣਗੇ” ਦੀ ਤਲਵਾਰ ਹੇਠਾਂ
ਰੋਜ਼ ਸੁਪਨਾ ਮਰਦਾ ਸੀ ਥੋੜ੍ਹਾ ਜਿਹਾ

ਬਾਹਰ ਨਿਕਲੀ ਤਾਂ ਭਰਾ ਦਾ ਡਰ
“ਚੁੱਪ ਰਹੀਂ, ਘਰ ਦੀ ਇੱਜ਼ਤ ਰੱਖੀਂ”
ਪੈਰ ਬਾਹਰ ਪੈਣ ਤੋਂ ਪਹਿਲਾਂ ਹੀ
ਰਾਹਾਂ ਤੇ ਰੋਕਾਂ ਦੀਆਂ ਲਕੀਰਾਂ ਖਿੱਚੀਂ

ਵਿਆਹੀ ਗਈ ਪਤੀ ਦੇ ਘਰ
ਸੱਸ ਸਹੁਰੇ ਦੇ ਨਵੇਂ ਨਵੇਂ ਡਰ
“ਇਹ ਤਰ੍ਹਾਂ ਬੋਲ, ਇਹ ਤਰ੍ਹਾਂ ਚਲ”
ਹਰ ਸਾਹ ‘ਤੇ ਲਿਖਿਆ ਹੁਕਮਨਾਮਾ ਹਰ ਵਾਰ

ਵਾਹ ਓਏ ਮਾਲਕਾਂ, ਕਿਹੜੀ ਦੁਨੀਆ ਬਣਾਈ
ਜਿੱਥੇ ਧੀ ਜੰਮੇ ਤਾਂ ਡਰ,
ਵਿਆਹ ਹੋਵੇ ਤਾਂ ਡਰ ਹੋਰ ਵਧ ਜਾਂਦਾ
ਇੱਜ਼ਤ ਦੇ ਨਾਮ ਤੇ ਜ਼ਿੰਦ ਕਿਉਂ ਕੱਢ ਜਾਂਦਾ ?

ਸੱਸ ਪਤੀ ਦੂਰ ਹੋਏ ਤਾਂ ਮੁੜ
ਬੱਚਿਆਂ ਦਾ ਡਰ ਨਵਾਂ ਜਨਮ ਲੈਂਦਾ
“ਲੋਕ ਕੀ ਕਹਿਣਗੇ, ਬੱਚੇ ਰੋਣਗੇ”
ਦਿਲ ਅੰਦਰ ਕੌਣ ਉਸਦਾ ਦਰਦ ਪੜ੍ਹਦਾ ?

ਕੀ ਜੰਮੀ ਸੀ ਸਿਰਫ਼ ਡਰ ਲਈ
ਕੀ ਵਿਆਹੀ ਗਈ ਸੀ ਸਿਰਫ਼ ਸਹਿਣ ਲਈ
ਬੱਸ ਇਕ ਬੁਝਾਰਤ ਬਣ ਕੇ ਰਹਿ ਗਈ ਜ਼ਿੰਦਗੀ
ਨਾਹ ਆਪਣੇ ਜਵਾਬ, ਨਾਹ ਆਪਣੇ ਪ੍ਰਸ਼ਨ ਲਈ

ਬਾਹਰ ਦੀ ਦੁਨੀਆ ਵੇਖਣ ਦਾ ਚਾਅ
ਹਰ ਵਾਰ ਅਧੂਰਾ ਰਹਿ ਗਿਆ
ਬਾਰੀ ਵਿੱਚੋਂ ਅਸਮਾਨ ਤੱਕਦੀ ਰਹੀ
ਪਰ ਪੈਰਾਂ ਨੂੰ ਰੋਕੇ ਡਰ ਦਾ ਜਾਲ ਬੁਣਿਆ ਗਿਆ

ਪਰ ਸੁਣ ਓਹੇ ਦੁਨੀਆਂ ਵਾਲਿਓ,
ਸੁਣ ਓਹੇ ਮਾਲਕਾਂ
ਇੱਕ ਦਿਨ ਇਹ ਔਰਤ ਡਰ ਨੂੰ ਤਿਆਗ
ਆਪਣੇ ਅੰਦਰੋਂ ਜਵਾਬ ਲੱਭ
“ਮੇਰੀ ਜਿੰਦਗੀ ਮੇਰਾ ਹੱਕ”
ਇੱਕ ਬੁਝਾਰਤ ਨਹੀਂ—
ਇੱਕ ਇਨਕਲਾਬ ਬਣ ਕੇ ਜਿਓਗੀ।

-ਸਰਬਜੀਤ ਸਿੰਘ ਬਨੂੜ